(ਕਿਸ਼ਤ-1)

# ਮੁਲਾਜ਼ਮਾਂ/ਪੈਨਸ਼ਨਰਾਂ ਦੀ ਆਮਦਨ ਤੇ ਆਮਦਨ ਕਰ ਸਬੰਧੀ ਵਿਸ਼ੇਸ਼ ਜਾਣਕਾਰੀ

ਅਸੀਂ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਇਸ ਸਾਲ ਵੀ ਮੁਲਾਜ਼ਮ ਕੇਂਦਰ ਦੇ ਪਾਠਕਾਂ ਨੂੰ ਵਿੱਤੀ ਸਾਲ 1-4-2018 ਤੋਂ 31-3-2019 (ਅਸੈਸਮੈਂਟ ਸਾਲ 2019-2020) ਤੱਕ ਦੀ ਆਮਦਨ ਤੇ ਬਣਦਾ ਅਤੇ ਅਦਾ ਕਰਨ ਯੋਗ ਆਮਦਨ ਕਰ ਕੱਢਣ ਲਈ ਜਾਣਕਾਰੀ ਦੇ ਰਹੇ ਹਾਂ ਤਾਂ ਜੋ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਆਪੋ ਆਪਣੀ ਆਮਦਨ ਦੀ ਰੀਟਰਨ ਭਰਨ ਵਿੱਚ ਮਦਦ ਮਿਲ ਸਕੇ। ਮੌਜੂਦਾ ਆਮਦਨ ਕਰ ਵਿੱਚ ਦੋ ਤਰ੍ਹਾਂ ਦੇ ਐਕਟ ਲਾਗੂ ਹੁੰਦੇ ਹਨ। ੳ) ਇਨਕਮ ਟੈਕਸ ਐਕਟ ਜੋ 1-4-1962 ਤੋਂ ਲਾਗੂ ਹੈ। ਅ) ਵਿੱਤੀ ਐਕਟ ਪਾਰਲੀਮੈਂਟ ਵਿੱਚ ਹਰ ਸਾਲ ਫਰਵਰੀ ਮਹੀਨੇ ਵਿੱਚ ਪੇਸ਼ ਹੁੰਦਾ ਹੈ। ਜ਼ਰੂਰੀ ਸੋਧਾਂ ਕਰਨ ਤੋਂ ਬਾਅਦ ਜਦੋਂ ਇਹ ਬਿਲ ਪਾਰਲੀਮੈਂਟ ਵਿੱਚ ਪਾਸ ਹੋ ਜਾਂਦਾ ਹੈ ਤਾਂ ਫਿਰ ਇਹ ਐਕਟ ਬਣ ਜਾਂਦਾ ਹੈ। ਇਹ ਜਾਣਕਾਰੀ ਭਾਰਤ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਨੋਟੀਫੀਕੇਸ਼ਨਾਂ/ਸੋਧਾਂ ਅਤੇ ਹਦਾਇਤਾਂ ਦੇ ਅਨੁਸਾਰ ਕਿਸ਼ਤਾਂ ਵਿੱਚ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਪਰ ਫਿਰ ਵੀ ਕਿਸੇ ਹੋਈ ਸੋਧ ਦੇ ਧਿਆਨ ਵਿੱਚ ਨਾ ਆਉਣ ਕਾਰਨ ਜੇਕਰ ਕੋਈ ਊਣਤਾਈ ਰਹਿ ਜਾਵੇ ਤਾਂ ਫਿਰ ਅਦਾਰਾ ਮੁਲਾਜ਼ਮ ਕੇਂਦਰ ਉਸ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਜੇਕਰ ਕਿਸੇ ਪਾਠਕ ਕੋਲ ਇਸ ਸਬੰਧੀ ਹੋਰ ਵੱਧ ਜਾਣਕਾਰੀ ਹੋਵੇ ਤਾਂ ਫਿਰ ਉਹ ਤੱਥਾਂ ਸਹਿਤ ਸਾਨੂੰ ਭੇਜਣ ਦੀ ਕ੍ਰਿਪਾਲਤਾ ਕਰੇ ਤਾਂ ਜੋ ਪਾਠਕਾਂ ਦੀ ਜਾਣਕਾਰੀ ਲਈ ਛਾਪਿਆ ਜਾਵੇ।

***-ਅਦਾਰਾ ਮੁਲਾਜ਼ਮ ਕੇਂਦਰ***

**Assesment year**

| Financial year | Corresponding Assesment year |
|---|---|
| 2018-19 | 2019-20 |

**ਵਿੱਤੀ ਐਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ**

ਵਿੱਤੀ ਐਕਟ 2018 ਦੇ ਰਾਹੀਂ 2017-18 ਦੇ ਐਕਟ ਵਿੱਚ ਸਾਲ 2018-19 ਲਈ ਨਿਮਨ ਅਨੁਸਾਰ ਸੋਧਾਂ ਹੋਈਆਂ ਹਨ:-

1 ਆਮਦਨ ਕਰ ਦੇ ਰੇਟਾਂ ਵਿੱਚ ਕੋਈ ਸੋਧ ਨਹੀਂ ਹੋਈ

2 ਟੈਕਸ ਸਲੈਬ ਨਿਮਨ ਅਨੁਸਾਰ ਹਨ:-

250000 ਰੁ. ਦੀ ਆਮਦਨ ਤੇ ਟੈਕਸ.......NIL

2,50,001 ਤੋਂ 5,00,000 ਲੱਖ ਤੱਕ ਦੇ ਟੈਕਸ..5%

500001 ਤੋਂ 10,00,000 ਲੱਖ ਤੱਕ ਦੇ ਟੈਕਸ..20%

ਦਸ ਲੱਖ ਰੁਪਏ ਤੋਂ ਉਪਰ ਆਮਦਨ ਹੋਣ ਤੇ ..30 %

3 ਸਰਚਾਰਜ

ੳ) ਆਮਦਨ 50 ਲੱਖ ਰੁ. ਤੋਂ ਵੱਧ ਪਰ 1 ਕਰੋੜ ਰੁ. ਤੋਂ ਘੱਟ ਹੋਣ ਤੇ .......10%

ਅ) ਆਮਦਨ 1 ਕਰੋੜ ਰੁ: ਤੋਂ ਵੱਧ ਹੋਣ ਤੇ ...15%

4 ਸਿਹਤ ਅਤੇ ਸਿੱਖਿਆ ਸੈਸ.....4%

5 ਟ੍ਰਾਂਸਪੋਰਟ ਅਲਾਊਂਸ ਅਤੇ ਮੈਡੀਕਲ ਖ਼ਰਚਿਆਂ ਦੀ ਰੀਇਮਬਰਸਮੈਂਟ ਦੇ ਬਦਲ ਵਿੱਚ ਸਟੈਂਡਰਡ ਡੀਡਕਸ਼ਨ...40000ਰੁ. ਕੀਤੀ ਗਈ ਹੈ ਧਾਰਾ -16(ia)

6. ਸੀਨੀਅਰ ਸਿਟੀਜਨਾਂ ਦੇ ਹੈਲਥ ਇੰਸੋਰੈਂਸ ਪ੍ਰੀਮੀਅਮ ਨੂੰ ਤੀਹ ਹਜ਼ਾਰ ਰੁਪਏ ਤੋਂ ਵਧਾ ਕੇ ......50,000 ਰੁ. ਕੀਤੀ ਗਈ ਹੈ।

7. ਮੈਡੀਕਲ ਟਰੀਟਮੈਂਟ ਦੀ ਕਟੌਤੀ 60,000 ਰੁ. ਤੋਂ ਵਧਾ ਕੇ .......100000 ਰੁ. ਕੀਤੀ ਗਈ ਹੈ।

8. ਸੀਨੀਅਰ ਸੀਟੀਜਨਾਂ ਵੱਲੋਂ ਪੰਜਾਹ ਹਜ਼ਾਰ ਰੁਪਏ ਤੱਕ ਦੀ ਰਕਮ ਤੇ ਪ੍ਰਾਪਤ ਵਿਆਜ ਦੀ ਰਕਮ ਦੀ ਟੋਟਲ ਰਕਮ ਵਿੱਚ ਛੋਟ (ਧਾਰਾ-80TTB)

**ਆਮਦਨ ਕਰ ਦੇ ਰੇਟ**

ੳ) 60 ਸਾਲ ਦੀ ਉਮਰ ਤੋਂ ਘੱਟ ਹੋਣ ਤੇ ਰੇਟ

i) 2,50,000 ਰੁ. ਤੱਕ ਆਮਦਨ ਹੋਣ ਤੇ ਰੇਟ....NIL

ii) 2,50,001 ਰੁ. ਤੋਂ ਪੰਜ ਲੱਖ ਰੁ ਤੱਕ ਰੇਟ....5%

iii) 5,00,001 ਰੁ ਤੋਂ 10,00000 ਲੱਖ ਤੱਕ ਰੇਟ...20%

ਦਸ ਲੱਖ ਰੁ: ਤੋਂ ਉਪਰ ਆਮਦਨ ਹੋਣ ਤੇ...30%

**ਅ) 60 ਸਾਲ ਜਾਂ 60 ਸਾਲ ਤੋਂ ਵੱਧ ਪਰ 80 ਸਾਲ ਤੋਂ ਘੱਟ ਹੋਣ ਤੇ ਰੇਟ**

300000 ਰੁ: ਤੱਕ ਰਕਮ ਹੋਣ ਤੇ ਰੇਟ....NIL

3,00,001 ਰੁ. ਤੋਂ 500000 ਰੁ. ਤੱਕ ਰੇਟ....5%

5,00,001 ਤੋਂ 10,00001 ਤੱਕ ਰੇਟ...20%

10,00000 ਲੱਖ ਰੁ. ਤੋਂ ਉਪਰ ਹੋਣ ਤੇ ਰੇਟ.....30%

**ੲ) 80 ਸਾਲ ਜਾਂ ਵੱਧ ਉਮਰ ਹੋਣ ਤੇ**



Scanned by CamScanner

500000 ਰੁ. ਤੱਕ ਰਕਮ ਹੋਣ ਤੇ ਰੇਟ....NIL

500001 ਰੁ ਤੋਂ 10,00000 ਤੱਕ ਤੇ ਰੇਟ...20%

10 ਲੱਖ ਤੋਂ ਉਪਰ ਹੋਣ ਤੇ.....30%

**ਆਮਦਨ ਕਰ ਤੇ ਰੀਬੇਟ:-** ਜਿਸ ਦੀਂ ਆਮਦਨ ਸਾਢੇ ਤਿੰਨ ਲੱਖ ਰੁਪਏ ਤੋਂ ਵੱਧ ਨਾਂ ਹੋਵੇ ਨੂੰ ਆਮਦਨ ਕਰ ਤੋਂ 2500 ਰੁ. ਦੀ ਟੈਕਸ ਰਿਬੇਟ ਮਿਲਦੀ ਹੈ। (ਧਾਰਾ 87-A)

## ਕਰ ਛੋਟਾਂ

1. ਆਪਣੇ ਲਈ ਰਿਹਾਇਸ਼ੀ ਮਕਾਨ ਦੀ ਉਸਾਰੀ ਲਈ ਲਏ ਗਏ ਕਰਜੇ ਤੇ ਬਣਦੇ ਵਿਆਜ ਵਿੱਚੋਂ ਪੰਜਾਹ ਹਜ਼ਾਰ ਰੁਪਏ ਤੱਕ ਦੀ ਛੋਟ ਧਾਰਾ 80-ਈ. ਈ.ਦੇ ਸਬ ਰੂਲ (1) ਦੇ ਅਧੀਨ ਸ਼ਰਤਾਂ ਮੁਤਾਬਕ ਮਿਲੇਗੀ।

2. 1-4-2016 ਜਾਂ ਬਾਅਦ ਵਿੱਚ ਜੋ ਬੀਮਾ ਪਾਲਿਸੀਆਂ ਕਰਵਾਈਆਂ ਗਈਆਂ ਹੋਣ ਤੇ ਆਮਦਨ ਕਰ ਦੀ ਧਾਰਾ 80-ਸੀ ਅਧੀਨ 10% ਦੀ ਛੋਟ ਦਿੱਤੀ ਗਈ ਹੈ।

3. ਬੀਮਾਂ ਪਾਲਿਸੀਆਂ ਜੋ 1-4-2016 ਨੂੰ ਜਾਂ ਇਸ ਤੋਂ ਬਾਅਦ ਅੰਗਹੀਣ ਵਿਅੱਕਤੀ ਲਈ ਕਰਵਾਈਆਂ ਹੋਣ ਤਾਂ ਧਾਰਾ 80-ਯੂ ਦੇ ਅਧੀਨ ਜਾਂ ਓਹ ਵਿਅੱਕਤੀ ਜੋ 80 ਡੀ. ਡੀ. ਬੀ. ਦੇ ਅਧੀਨ ਆਉਂਦੀਆਂ ਬੀਮਾਰੀਆਂ ਤੋਂ ਪੀੜਤ ਹੋਵੇ ਜਿਵੇਂ ਕਿ :-
(ੳ) Neurological Diseases (a) Demontia (b) Dystonia Musculorum Deformans (c) Motor Neuro Disease (d) Ataxia (e) Charea (f) Hemiballismus (g) Aphasia (h) Parkinsons Disease ਦੀ ਬਿਮਾਰੀ ਤੋਂ ਪੀੜਤ ਮਰੀਜ ਵੀ ਕਰੌਨਿਕ ਬੀਮਾਰੀ ਅਧੀਨ ਆਉਂਦਾ ਹੈ ਜੇਕਰ ਉਸ ਦੀ ਅੰਗਹੀਣਤਾ 40% ਜਾਂ ਵੱਧ ਮਿਥੀ ਗਈ ਹੋਵੇ ਤਾਂ ਹੇਠ ਲਿਖੀਆਂ ਬਿਮਾਰੀਆਂ ਜਿਵੇਂ (ੳ) Cancer (ਅ) Full Blow Acquired immuno Defficency Syndromec (AIDS) (ੲ) Chronic Renal Failure Hemophiliai (ਸ) Thalassalemia ਹੋਣ ਦਾ ਕਿਸੇ ਵੀ ਰਜਿਸਟਰਡ ਡਾਕਟਰ ਜੋ ਕਿ ਪੋਸਟ ਗ੍ਰੈਜੂਏਟ ਹੋਵੇ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪਾਸ ਰਜਿਸਟਰਡ ਹੋਵੇ ਵਲੋਂ ਅਜੇਹੀ ਬੀਮਾਰੀ ਦੇ ਪੀੜਤ ਹੋਣ ਦਾ ਸਰਟੀਫੀਕੇਟ ਦਿੱਤਾ ਹੋਵੇ ਤਾਂ ਉਸ ਲਈ ਬੀਮਾ ਪਾਲਿਸੀ ਦੀ ਕਰਵਾਈ ਕੁੱਲ ਬੀਮਾ ਰਾਸ਼ੀ ਤੇ ਵੱਧ ਤੋਂ ਵੱਧ 15% ਦੀ ਛੋਟ ਹੋਵੇਗੀ। ਬੀਮਾ ਪਾਲਿਸੀ 1-04-2013 ਤੋਂ ਬਾਅਦ ਕਰਵਾਈ ਗਈ ਹੋਵੇ।

4. 1) ਨਵੀਂ ਪੈਨਸ਼ਨ ਸਕੀਮ ਤਹਿਤ ਕਰਮਚਾਰੀ ਵਲੋਂ (ਪੇ+ਡੀ ਪੀ ਗਰੇਡ ਪੇ ਦਾ 10%) 80CCD-1 ਅਧੀਨ ਕਰ ਮੁਕਤ ਹੈ। ਨਵੀਂ ਪੈਨਸ਼ਨ ਸਕੀਮ ਵਿੱਚ 150000 ਰੁ: ਦੀਂ ਵਿੱਤੀ ਸਾਲ ਵਿੱਚ LIC ਜਾਂ ਅਜਿਹੀ ਕੰਪਨੀ ਜੋ ਕਿ ਸੈਂਟਰਲ ਗੌਰਮਿੰਟ ਵਲੋਂ ਨੋਟੀਫਾਈ ਹੋਈ ਹੋਵੇ ਦੀ ਕੰਟਰੀਬਿਊਸ਼ਨ 80CCC ਅਧੀਨ ਕਰ ਮੁਕਤ ਹੈ। ਪਰੰਤੂ ਇਹ ਸਾਰੀ ਰਕਮ 80C, 80CCC ਜੋ ਕਿ 80CCD ਜੋ ਕਿ 80CCE ਅਧੀਨ ਆਉਂਦੀ ਹੈ ਦੀ ਕੁੱਲ ਲਿਮਿਟ 150000 ਰੁ: ਹੀ ਕਰ ਮੁਕਤ ਹੈ।

2) ਇਸ 150000 /ਰੁ ਤੋਂ ਇਲਾਵਾ ਨਵੀਂ ਪੈਨਸ਼ਨ ਸਕੀਮ ਵਿੱਚ ਲਗਾਈ ਗਈ 50000 ਰੁ: ਵੀ u/s 80CCD(1-B) ਅਧੀਨ ਕਰ ਮੁਕਤ ਹੈ। ਉਦਾਹਰਣ ਦੇ ਤੌਰ ਤੇ ਜੇਕਰ ਕੋਈ ਕਰਦਾਤਾ 80/C ਅਧੀਨ 150000 ਰੁ: ਦੀ ਬੱਚਤ ਕਰਦਾ ਹੈ ਤਾਂ ਉਸ ਨੂੰ 50000 ਰੁ: ਨਵੀਂ ਪੈਨਸ਼ਨ ਸਕੀਮ ਵਿੱਚ ਲਗਾਉਣ ਤੇ 80CCD (1-B) ਅਧੀਨ ਹੋਰ ਰ੍ਰਿਬੇਟ ਮਿਲਦੀ ਹੈ।

5. 1) ਹੈਲਥ ਬੀਮਾਂ ਦੀ ਰਾਸ਼ੀ ਤੇ ਆਪਣੇ ਲਈ ਜਾਂ ਮਾਪਿਆਂ ਲਈ ਜਦੋਂ ਨਾਨ ਸੀਨੀਅਰ ਸਿਟੀਜ਼ਨ ਹੋਣ ਤੇ 25000 ਰੁ. ਅਤੇ ਸੀਨੀਅਰੰ ਸਿਟੀਜ਼ਨ ਲਈ 30000 ਦੀ ਛੋਟ 80D ਅਧੀਨ ਮਿਲਦੀ ਹੈ।

2) ਜੋ ਵਿਅਕਤੀ ਵੈਰੀ ਸੀਨੀਅਰ ਸਿਟੀਜ਼ਨ ਹੋਵੇ ਉਹ ਇਸ ਸਕੀਮ ਅੰਦਰ ਨਹੀਂ ਆਉਂਦੇ। ਉਹਨਾਂ ਨੂੰ ਮੈਡੀਕਲ ਖਰਚ ਲਈ 30000 ਰੁ. ਦੀ ਇਨਕਮ ਟੈਕਸ ਤੋਂ ਰਿਬੇਟ ਮਿਲਦੀ ਹੈ। ਜੇਕਰ ਉਸ ਨੇ ਆਪਣਾ ਜੀਵਨ ਬੀਮਾਂ ਨਾ ਕਰਵਾਇਆ ਹੋਵੇ।

6. ਇਨਕਮ ਟੈਕਸ ਦੀ ਧਾਰਾ 80G ਅਧੀਨ ਪਹਿਲਾਂ ਦਿੱਤੇ ਫੰਡਾਂ ਤੋਂ ਇਲਾਵਾ (1) ਸਵੱਛ ਭਾਰਤ ਕੋਸ਼ (2) ਗੰਗਾ ਕਲੀਨ ਫੰਡ (3) ਨੈਸ਼ਨਲ ਫੰਡ ਫਾਰ ਕੰਟਰੋਲ ਆਫ ਡਰੱਗ ਅਬਿਊਜ਼ ਲਈ ਕੀਤੇ ਦਾਨ ਤੇ 100% ਰੀਬੇਟ ਮਿਲਦੀ ਹੈ।

7. ਆਮ ਕਰ ਦਾਤਾ ਨੂੰ 40000 ਰੁ:, ਸੀਨੀਅਰ ਸਿਟੀਜਨ 60000 ਅਤੇ ਵੈਰੀ ਸੀਨੀਅਰ ਸਿਟੀਜਨ ਹੋਣ ਤੇ ਮੈਡੀਕਲ ਟਰੀਟਮੈਂਟ ਲਈ ਇਨਕਮ ਟੈਕਸ ਦੀ ਧਾਰਾ 80DDB ਅਧੀਨ 80000 ਰੁ. ਤੱਕ ਦੀ ਰਿਬੇਟ ਮਿਲਦੀ ਹੈ।

8. ਹੈਂਡੀਕੈਪਡ ਕਰਦਾਤਾ ਨੂੰ ਇਨਕਮ ਟੈਕਸ ਦੀ ਧਾਰਾ 80U ਅਧੀਨ 75000 ਰੁ ਅਤੇ ਸਵੀਅਰ ਅੰਗਹੀਣ



Scanned by CamScanner

500000 ਰੁ. ਤੱਕ ਰਕਮ ਹੋਣ ਤੇ ਰੇਟ....NIL

500001 ਰੁ ਤੋਂ 10,00000 ਤੱਕ ਤੇ ਰੇਟ...20%

10 ਲੱਖ ਤੋਂ ਉਪਰ ਹੋਣ ਤੇ.....30%

**ਆਮਦਨ ਕਰ ਤੇ ਰੀਬੇਟ:-** ਜਿਸ ਦੀ ਆਮਦਨ ਸਾਢੇ ਤਿੰਨ ਲੱਖ ਰੁਪਏ ਤੋਂ ਵੱਧ ਨਾਂ ਹੋਵੇ ਨੂੰ ਆਮਦਨ ਕਰ ਤੋਂ 2500 ਰੁ. ਦੀ ਟੈਕਸ ਰਿਬੇਟ ਮਿਲਦੀ ਹੈ। (ਧਾਰਾ 87-A)

**ਕਰ ਛੋਟਾਂ**

1. ਆਪਣੇ ਲਈ ਰਿਹਾਇਸ਼ੀ ਮਕਾਨ ਦੀ ਉਸਾਰੀ ਲਈ ਲਏ ਗਏ ਕਰਜੇ ਤੇ ਬਣਦੇ ਵਿਆਜ ਵਿੱਚੋਂ ਪੰਜਾਹ ਹਜ਼ਾਰ ਰੁਪਏ ਤੱਕ ਦੀ ਛੋਟ ਧਾਰਾ 80-ਈ. ਈ.ਦੇ ਸਬ ਰੂਲ (1) ਦੇ ਅਧੀਨ ਸ਼ਰਤਾਂ ਮੁਤਾਬਕ ਮਿਲੇਗੀ।

2. 1-4-2016 ਜਾਂ ਬਾਅਦ ਵਿੱਚ ਜੋ ਬੀਮਾ ਪਾਲਿਸੀਆਂ ਕਰਵਾਈਆਂ ਗਈਆਂ ਹੋਣ ਤੇ ਆਮਦਨ ਕਰ ਦੀ ਧਾਰਾ 80-ਸੀ ਅਧੀਨ 10% ਦੀ ਛੋਟ ਦਿੱਤੀ ਗਈ ਹੈ।

3. ਬੀਮਾਂ ਪਾਲਿਸੀਆਂ ਜੋ 1-4-2016 ਨੂੰ ਜਾਂ ਇਸ ਤੋਂ ਬਾਅਦ ਅੰਗਹੀਣ ਵਿਅੱਕਤੀ ਲਈ ਕਰਵਾਈਆਂ ਹੋਣ ਤਾਂ ਧਾਰਾ 80-ਯੂ ਦੇ ਅਧੀਨ ਜਾਂ ਓਹ ਵਿਅੱਕਤੀ ਜੋ 80 ਡੀ. ਡੀ. ਬੀ. ਦੇ ਅਧੀਨ ਆਉਂਦੀਆਂ ਬੀਮਾਰੀਆਂ ਤੋਂ ਪੀੜਤ ਹੋਵੇ ਜਿਵੇਂ ਕਿ :-
(ੳ) Neurological Diseases (a) Demontia (b) Dystonia Musculorum Deformans (c) Motor Neuro Disease (d) Ataxia (e) Charea (f) Hemiballismus (g) Aphasia (h) Parkinsons Disease ਦੀ ਬਿਮਾਰੀ ਤੋਂ ਪੀੜਤ ਮਰੀਜ ਵੀ ਕਰੌਨਿਕ ਬੀਮਾਰੀ ਅਧੀਨ ਆਉਂਦਾ ਹੈ ਜੇਕਰ ਉਸ ਦੀ ਅੰਗਹੀਣਤਾ 40% ਜਾਂ ਵੱਧ ਮਿਥੀ ਗਈ ਹੋਵੇ ਤਾਂ ਹੇਠ ਲਿਖੀਆਂ ਬਿਮਾਰੀਆਂ ਜਿਵੇਂ (ੳ) Cancer (ਅ) Full Blow Acquired immuno Defficency Syndromec (AIDS) (ੲ) Chronic Renal Failure Hemophiliai (ਸ) Thalassalemia ਹੋਣ ਦਾ ਕਿਸੇ ਵੀ ਰਜਿਸਟਰਡ ਡਾਕਟਰ ਜੋ ਕਿ ਪੋਸਟ ਗ੍ਰੈਜੂਏਟ ਹੋਵੇ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪਾਸ ਰਜਿਸਟਰਡ ਹੋਵੇ ਵਲੋਂ ਅਜੇਹੀ ਬੀਮਾਰੀ ਦੇ ਪੀੜਤ ਹੋਣ ਦਾ ਸਰਟੀਫੀਕੇਟ ਦਿੱਤਾ ਹੋਵੇ ਤਾਂ ਉਸ ਲਈ ਬੀਮਾ ਪਾਲਿਸੀ ਦੀ ਕਰਵਾਈ ਕੁੱਲ ਬੀਮਾ ਰਾਸ਼ੀ ਤੇ ਵੱਧ ਤੋਂ ਵੱਧ 15% ਦੀ ਛੋਟ ਹੋਵੇਗੀ। ਬੀਮਾ ਪਾਲਿਸੀ 1-04-2013 ਤੋਂ ਬਾਅਦ ਕਰਵਾਈ ਗਈ ਹੋਵੇ।

4. 1) ਨਵੀਂ ਪੈਨਸ਼ਨ ਸਕੀਮ ਤਹਿਤ ਕਰਮਚਾਰੀ ਵਲੋਂ (ਪੇ+ਡੀ ਪੀ ਗਰੇਡ ਪੇ ਦਾ 10%) 80CCD-1 ਅਧੀਨ ਕਰ ਮੁਕਤ ਹੈ। ਨਵੀਂ ਪੈਨਸ਼ਨ ਸਕੀਮ ਵਿੱਚ 150000 ਰੁ: ਦੀ ਵਿੱਤੀ ਸਾਲ ਵਿੱਚ LIC ਜਾਂ ਅਜਿਹੀ ਕੰਪਨੀ ਜੋ ਕਿ ਸੈਂਟਰਲ ਗੌਰਮਿੰਟ ਵਲੋਂ ਨੋਟੀਫਾਈ ਹੋਈ ਹੋਵੇ ਦੀ ਕੰਟਰੀਬਿਊਸ਼ਨ 80CCC ਅਧੀਨ ਕਰ ਮੁਕਤ ਹੈ। ਪਰੰਤੂ ਇਹ ਸਾਰੀ ਰਕਮ 80C, 80CCC ਜੋ ਕਿ 80CCD ਜੋ ਕਿ 80CCE ਅਧੀਨ ਆਉਂਦੀ ਹੈ ਦੀ ਕੁੱਲ ਲਿਮਟ 150000 ਰੁ: ਹੀ ਕਰ ਮੁਕਤ ਹੈ।

2) ਇਸ 150000 /ਰੁ ਤੋਂ ਇਲਾਵਾ ਨਵੀਂ ਪੈਨਸ਼ਨ ਸਕੀਮ ਵਿੱਚ ਲਗਾਈ ਗਈ 50000 ਰੁ: ਵੀ u/s 80CCD(1-B) ਅਧੀਨ ਕਰ ਮੁਕਤ ਹੈ। ਉਦਾਹਰਣ ਦੇ ਤੌਰ ਤੇ ਜੇਕਰ ਕੋਈ ਕਰਦਾਤਾ 80/C ਅਧੀਨ 150000 ਰੁ: ਦੀ ਬੱਚਤ ਕਰਦਾ ਹੈ ਤਾਂ ਉਸ ਨੂੰ 50000 ਰੁ: ਨਵੀਂ ਪੈਨਸ਼ਨ ਸਕੀਮ ਵਿੱਚ ਲਗਾਉਣ ਤੇ 80CCD (1-B) ਅਧੀਨ ਹੋਰ ਰਿਬੇਟ ਮਿਲਦੀ ਹੈ।

5. 1) ਹੈਲਥ ਬੀਮਾਂ ਦੀ ਰਾਸ਼ੀ ਤੇ ਆਪਣੇ ਲਈ ਜਾਂ ਮਾਪਿਆਂ ਲਈ ਜਦੋਂ ਨਾਨ ਸੀਨੀਅਰ ਸਿਟੀਜ਼ਨ ਹੋਣ ਤੇ 25000 ਰੁ. ਅਤੇ ਸੀਨੀਅਰ ਸਿਟੀਜ਼ਨ ਲਈ 30000 ਦੀ ਛੋਟ 80D ਅਧੀਨ ਮਿਲਦੀ ਹੈ।

2) ਜੋ ਵਿਅਕਤੀ ਵੈਰੀ ਸੀਨੀਅਰ ਸਿਟੀਜ਼ਨ ਹੋਵੇ ਉਹ ਇਸ ਸਕੀਮ ਅੰਦਰ ਨਹੀਂ ਆਉਂਦੇ। ਉਹਨਾਂ ਨੂੰ ਮੈਡੀਕਲ ਖਰਚ ਲਈ 30000 ਰੁ. ਦੀ ਇਨਕਮ ਟੈਕਸ ਤੋਂ ਰਿਬੇਟ ਮਿਲਦੀ ਹੈ। ਜੇਕਰ ਉਸ ਨੇ ਆਪਣਾ ਜੀਵਨ ਬੀਮਾਂ ਨਾ ਕਰਵਾਇਆ ਹੋਵੇ।

6. ਇਨਕਮ ਟੈਕਸ ਦੀ ਧਾਰਾ 80G ਅਧੀਨ ਪਹਿਲਾਂ ਦਿੱਤੇ ਫੰਡਾਂ ਤੋਂ ਇਲਾਵਾ (1) ਸਵੱਛ ਭਾਰਤ ਕੋਸ਼ (2) ਗੰਗਾ ਕਲੀਨ ਫੰਡ (3) ਨੈਸ਼ਨਲ ਫੰਡ ਫਾਰ ਕੰਟਰੋਲ ਆਫ ਡਰੱਗ ਅਬੂਜ਼ ਲਈ ਕੀਤੇ ਦਾਨ ਤੇ 100% ਰੀਬੇਟ ਮਿਲਦੀ ਹੈ।

7. ਆਮ ਕਰ ਦਾਤਾ ਨੂੰ 40000 ਰੁ:, ਸੀਨੀਅਰ ਸਿਟੀਜਨ 60000 ਅਤੇ ਵੈਰੀ ਸੀਨੀਅਰ ਸਿਟੀਜਨ ਹੋਣ ਤੇ ਮੈਡੀਕਲ ਟਰੀਟਮੈਂਟ ਲਈ ਇਨਕਮ ਟੈਕਸ ਦੀ ਧਾਰਾ 80DDB ਅਧੀਨ 80000 ਰੁ. ਤੱਕ ਦੀ ਰਿਬੇਟ ਮਿਲਦੀ ਹੈ।

8. ਹੈਡੀਕੈਪਡ ਕਰਦਾਤਾ ਨੂੰ ਇਨਕਮ ਟੈਕਸ ਦੀ ਧਾਰਾ 80U ਅਧੀਨ 75000 ਰੁ ਅਤੇ ਸਵੀਅਰ ਅੰਗਹੀਣ



Scanned by CamScanner

ਹੋਣ ਤੇ 125000 ਰੁ. ਦੀ ਛੋਟ ਮਿਲਦੀ ਹੈ।

9. ਜੇਕਰ ਕੋਈ ਅੰਗਹੀਣ 75000 ਰੁ. ਤੱਕ ਅਤੇ ਸਵੀਅਰ ਅੰਗਹੀਣ ਹੋਣ ਤੇ 125000 ਰੁ. ਤੱਕ ਕਰਦਾਤਾ ਨੇ ਆਪਣੇ ਕਿਸੇ ਨਿਰਭਰ ਵਿਅੱਕਤੀ (ਬੱਚੇ ਜਾਂ ਮਾਤਾ ਪਿਤਾ) ਤੇ ਇਲਾਜ ਲਈ (ਨਰਸਿੰਗ ਦਾ ਖਰਚਾ) ਵੀ ਜਾਂ ਸਵਸਥ ਲਾਭ ਲਈ ਖਰਚ ਕੀਤੇ ਹੋਣ ਤਾਂ ਇਨਕਮ ਟੈਕਸ ਦੀ ਧਾਰਾ 80DD ਅਧੀਨ ਰਿਬੇਟ ਮਿਲਦੀ ਹੈ।

10. ਟਰਾਂਸਪੋਰਟ ਅਲਾਊਂਸ ਤੇ ਅੰਗਹੀਣ ਕਰਦਾਤਾਵਾਂ ਨੂੰ 3200 ਰੁ: ਧਾਰਾ 80DDB ਅਧੀਨ ਆਮਦਨ ਕਰ ਤੋਂ ਰਿਬੇਟ ਮਿਲਦੀ ਹੈ।

11. 80GG ਦੀ ਲਿਮਿਟ 60000 ਰੁ: ਕਰ ਦਿੱਤੀ ਗਈ ਹੈ।

12. ਰਿਟਾਇਰਮੈਂਟ ਸਮੇਂ ਪ੍ਰਾਪਤ ਸਾਰੇ ਵਿੱਤੀ ਲਾਭ ਕਰ ਮੁਕਤ ਹੁੰਦੇ ਹਨ।

**ਆਮਦਨ ਕਰ ਦੀ ਰੀਟਰਨ ਭਰਨ ਸਮੇਂ ਧਿਆਨ ਵਿੱਚ ਰੱਖਣ ਵਾਲੇ ਨੁਕਤੇ**

(ੳ) ਉਹ ਵਿਅੱਕਤੀ ਜਿਸ ਦੀ ਤਨਖਾਹ ਵਿੱਚੋਂ ਉਸ ਦੇ ਬਣਦੇ ਟੈਕਸ ਨਾਲੋਂ ਜੇ ਕਟੌਤੀ ਵੱਧ ਹੋ ਗਈ ਹੋਵੇ ਤਾਂ ਉਸ ਲਈ ਵੀ ਰੀਟਰਨ ਭਰਨੀ ਜ਼ਰੂਰੀ ਹੈ ਤਾਂ ਜੋ ਉਸ ਨੂੰ ਵੱਧ ਕੱਟੇ ਜਾ ਚੁੱਕੇ ਟੈਕਸ ਦੀ ਵਾਪਸੀ ਹੋ ਸਕੇ। PAN ਨੰਬਰ ਵੀ ਲਿਖਣਾ ਚਾਹੀਦਾ ਹੈ। ਅਤੇ ਪਤਾ ਵੀ ਸਾਫ਼ ਸਾਫ਼ ਲਿਖਣਾਂ ਚਾਹੀਦਾ ਹੈ। ਤਾਂ ਜੋ ਰੀਫੰਡ ਜੇਕਰ ਕੋਈ ਹੋਵੇ ਠੀਕ ਪਤੇ ਤੇ ਮਿਲ ਸਕੇ।

(ਅ) ਆਮਦਨ ਕਰ ਦੀ ਰੀਟਰਨ ਪ੍ਰੈਸ ਕਰਾਈਬਡ ਫਾਰਮ ਵਿੱਚ ਸਿਆਹੀ ਨਾਲ ਭਰਨੀ ਚਾਹੀਦੀ ਹੈ। ਇਹ ਫਾਰਮ ਇਨਕਮ ਟੈਕਸ ਅਫਸਰ ਜਾਂ ਆਮਦਨ ਕਰ ਵਿਭਾਗ ਦੇ ਪਬਲਿਕ ਰੀਲੇਸ਼ਨ ਅਫਸਰ ਪਾਸੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਾਂ www.incomeindia.gov.in ਤੋਂ ਡਾਊਨ ਲੋਡ ਕੀਤਾ ਜਾ ਸਕਦਾ ਹੈ।

(ੲ) ਰੀਟਰਨ ਨਿੱਜੀ ਤੌਰ ਤੇ ਜਾਂ ਕਿਸੇ ਦੇ ਰਾਹੀਂ ਜਾਂ ਰਜਿਸਟਰਡ ਪੱਤਰ ਰਾਹੀਂ ਅਕਨੌਲਜਮੈਂਟ ਨੱਥੀ ਕਰਕੇ ਭੇਜੀ ਜਾ ਸਕਦੀ ਹੈ।

(ਸ) ਰੀਟਰਨ ਦੇ ਨਾਲ ਤਨਖਾਹ ਵਿੱਚੋਂ ਕਟਵਾਏ ਕਰ ਦੇ ਸਬੂਤ ਵਜੋਂ ਸਰਟੀਫਿਕੇਟ ਵੀ ਨੱਥੀ ਕਰਨਾ ਚਾਹੀਦਾ ਹੈ।

(ਹ) ਆਮਦਨ ਕਰ ਦੀ ਰੀਟਰਨ ਇਕ ਲੀਗਲ ਡਾਕੂਮੈਂਟ ਹੁੰਦਾ ਹੈ। ਇਸ ਰੀਟਰਨ ਉਪਰ ਸਿਆਹੀ ਨਾਲ ਦਸਤਖ਼ਤ ਕਰਨੇ ਹੁੰਦੇ ਹਨ। ਜੇਕਰ ਕਟਿੰਗ ਜਾਂ ਓਵਰ ਰਾਈਟਿੰਗ ਹੋ ਜਾਵੇ ਤਾਂ ਫਿਰ ਉਸ ਨੂੰ ਕਰਦਾਤਾ ਨੇ ਹੀ ਤਸਦੀਕ ਕਰਨਾ ਹੁੰਦਾ ਹੈ।

(ਕ) ਇਹ ਰੀਟਰਨ ਅਸੈਸਮੈਂਟ ਸਾਲ 2019-20 (ਵਿੱਤੀ ਸਾਲ, 2018-19) ਦੀ ਰੀਟਰਨ 31-7-2019 ਤੱਕ ਭਰੀ ਜਾ ਸਕਦੀ ਹੈ।

(ਖ) ਜੇਕਰ ਕਿਸੇ ਕਰਮਚਾਰੀ ਦੀ ਆਮਦਨ ਸਿਰਫ ਤਨਖਾਹ ਦੀ ਹੈ ਤਾਂ ਇਹ ਉਸ ਦੀ ਮਰਜੀ ਹੈ ਕਿ ਉਹ ਆਪਣੀ ਰੀਟਰਨ ਆਪਣੇ ਡੀ. ਡੀ. ਓ. ਨੂੰ ਦੇਵੇ ਜਾਂ ਇਨਕਮ ਟੈਕਸ ਆਫੀਸਰ ਦੇ ਦਫਤਰ ਵਿੱਚ ਜਮਾਂ ਕਰਵਾਏ। ਰੀਟਰਨ ਉਸ ਇਨਕਮ ਟੈਕਸ ਆਫੀਸਰ ਪਾਸ ਹੀ ਜਮਾਂ ਹੋਵੇਗੀ ਜਿਥੇ ਕਰ ਦਾਤਾ ਨੇ ਪਿਛਲੇ ਸਾਲ ਜਮਾਂ ਕਰਵਾਈ ਸੀ। ਜੇਕਰ ਕਰ ਦਾਤਾ ਦੀ ਬਦਲੀ ਹੋ ਗਈ ਹੈ ਤਾਂ ਫਿਰ ਜਿਥੇ ਕਰ ਦਾਤਾ ਦੀ ਰਿਹਾਇਸ਼ ਹੈ ਜਾਂ ਜਿਥੇ ਉਸ ਦਾ ਕਾਰੋਬਾਰ ਹੈ ਉਹ ਉਸ ਏਰੀਏ ਦੇ ਇਨਕਮ ਟੈਕਸ ਅਫਸਰ ਦੇ ਦਫ਼ਤਰ ਵਿੱਚ ਜਮਾਂ ਕਰਾਵੇਗਾ।

(ਗ) ਜੇਕਰ ਆਮਦਨ ਤੇ ਆਮਦਨ ਕਰ ਜ਼ਿਆਦਾ ਕੱਟਿਆ ਗਿਆ/ਜਮਾਂ ਕਰਵਾਇਆ ਗਿਆ ਹੋਵੇ ਤਾਂ ਰੀਫੰਡ ਲੈਣ ਲਈ ਆਪਣਾਂ ਸਹੀ ਪਤਾ ਦਰਜ ਕਰਨਾ ਚਾਹੀਦਾ ਹੈ।

(ਘ) ਜੇਕਰ ਰੀਫੰਡ ਈ. ਸੀ. ਐਸ. ਰਾਹੀਂ ਪ੍ਰਾਪਤ ਕਰਨਾਂ ਹੋਵੇ ਤਾਂ ਬੈਂਕ ਦਾ ਬੈਂਕ ਅਕਾਊਂਟ ਨੰਬਰ ਸਮੇਤ ਮਾਈਕਰੋ ਕੋਡ (MICR) ਭਰਨਾਂ ਚਾਹੀਦਾ ਹੈ।

(ਙ) ਐਜੂਕੇਸ਼ਨ ਅਤੇ ਸਿਹਤ ਸੈਸ ਇਨਕਮਟੈਕਸ ਦਾ 4% ਲੱਗੇਗਾ।

ਉਪਰੋਕਤ ਕਟੌਤੀਆਂ ਕਰਨ ਉਪਰੰਤ ਜੋ ਰਕਮ ਬਾਕੀ ਬਚੇਗੀ ਤੇ ਨਿਮਨਲਿਖਤ ਅਨੁਸਾਰ ਕਰ ਲੱਗੇਗਾ :-

ਜੇਕਰ ਕਰ ਯੋਗ ਆਮਦਨ 5 ਰੁਪਏ ਤੋਂ ਘੱਟ ਦੀ ਫਰਿਕਸ਼ਨ ਵਿੱਚ ਹੋਵੇ ਤਾਂ ਉਸ ਨੂੰ ਨਜ਼ਰ ਅੰਦਾਜ ਕੀਤਾ ਜਾਵੇਗਾ ਅਤੇ ਜੇਕਰ ਫਰਿਕਸ਼ਨ 5 ਰੁਪਏ ਜਾਂ ਇਸ ਤੋਂ ਵੱਧ ਹੋਵੇ ਤਾਂ ਫਿਰ ਉਸ ਨੂੰ ਅਗਲੇ 10 ਵਿੱਚ ਬਦਲਿਆ ਜਾਵੇਗਾ। ਉਦਾਹਰਣ ਦੇ ਤੌਰ ਤੇ ਜੇਕਰ ਕਰਯੋਗ ਆਮਦਨ 18254 ਰੁਪਏ ਹੈ ਤਾਂ ਉਸ ਨੂੰ 18250 ਗਿਣਿਆ ਜਾਵੇਗਾ ਅਤੇ ਜੇਕਰ ਰਕਮ 18245 ਤੋਂ 18249 ਦੇ



Scanned by CamScanner

ਵਿਚਕਾਰ ਹੈ ਤਾਂ ਫਿਰ ਉਸ ਨੂੰ 18250 ਰੁਪਏ ਗਿਣਿਆ ਜਾਵੇਗਾ। (ਧਾਰਾ-288-ਏ)

ਜੇਕਰ ਆਮਦਨ ਕਰ ਪੈਸਿਆਂ ਵਿੱਚ ਆ ਰਿਹਾ ਹੈ ਤਾਂ ਫਿਰ 50 ਪੈਸੇ ਤੋਂ ਘੱਟ ਨੂੰ ਨਜਰ ਅੰਦਾਜ ਕੀਤਾ ਜਾਵੇਗਾ ਅਤੇ 50 ਪੈਸੇ ਜਾ ਉਪਰ ਹੋਣ ਤੇ ਅਗਲੇ ਇਕ ਰੁਪਏ ਵਿੱਚ ਬਦਲਿਆ ਜਾਵੇਗਾ। (ਧਾਰਾ 288-ਬੀ)

**ਡੀ.ਡੀ.ਓ. ਵਲੋਂ ਕੱਟਿਆਂ ਟੈਕਸ ਸਮੇਂ ਸਿਰ ਜਮਾਂ ਨਾ ਕਰਵਾਉਣ ਤੇ ਕਾਰਵਾਈ**

ਜੇਕਰ ਕੋਈ ਡੀ. ਡੀ. ਓ. ਕੱਟੇ ਹੋਏ ਇਨਕਮ ਟੈਕਸ ਨੂੰ (ਧਾਰਾ 201 ਅਧੀਨ) ਸੈਂਟਰਲ ਗੌਰਮਿੰਟ ਦੇ ਖਾਤੇ ਵਿੱਚ ਬਣਦੇ ਸਮੇਂ ਦੇ ਅੰਦਰ ਅੰਦਰ ਜਮਾਂ ਨਹੀਂ ਕਰਵਾਉਂਦਾ ਤਾਂ ਉਸ ਦੇ ਖਿਲਾਫ ਨਿਮਨ ਅਨੁਸਾਰ ਕਾਰਵਾਈ ਹੋਵੇਗੀ। ਇਹ ਰਕਮਾਂ 15 ਜੁਲਾਈ, 15 ਅਕਤੂਬਰ, 15 ਜਨਵਰੀ ਅਤੇ 15 ਮਈ ਨੂੰ ਜਾਂ ਪਹਿਲਾਂ ਜਮਾਂ ਕਰਵਾਉਣੀਆਂ ਹੁੰਦੀਆਂ ਹਨ।

(ੳ) ਟੈਕਸ ਜੋ ਕਿ ਪ੍ਰੋਵੀਜਨ ਆਫ ਚੈਪਟਰ XII-B ਅਧੀਨ ਐਟ ਸੋਰਸ ਕੱਟਿਆ ਹੋਵੇ ਜਾਂ

(ਅ) ਕਰਦਾਤਾ ਨੇ ਉਸ ਨੂੰ ਟੈਕਸ ਨਿਮਨ ਅਨੁਸਾਰ ਪੇ ਕੀਤਾ ਹੋਵੇ

(1) ਸਬ ਸੈਕਸ਼ਨ (2) ਆਫ ਸਬ ਸੈਕਸ਼ਨ 115 ਓ. ਅਧੀਨ ਸਜਾ ਦਾ ਭਾਗੀ ਹੋਵੇਗਾ ਜਾਂ

(2) 2nd ਪ੍ਰੀਵੀਜੋ ਨੂੰ ਸੈਕਸ਼ਨ-194-B ਅਧੀਨ ਡੀ.ਡੀ.ਓ. ਨੂੰ ਘੱਟੋ ਘੱਟ 3 ਮਹੀਨੇ ਤੋਂ ਲੈ ਕੇ 7 ਸਾਲ ਤੱਕ ਜੇਲ੍ਹ ਅਤੇ ਜੁਰਮਾਨਾ ਹੋ ਸਕਦਾ ਹੈ। (U/S-276-B)

(3) ਜੇਕਰ ਡੀ. ਡੀ. ਓ. ਨੇ ਟੈਕਸ ਐਟ ਸੋਰਸ ਆਮਦਨ ਕਰ ਦੀ ਧਾਰਾ 206-ਸੀ ਅਧੀਨ ਕੱਟਿਆ ਹੋਵੇ ਅਤੇ ਸੈਂਟਰ ਗੌਰਮਿੰਟ ਦੇ ਖਾਤੇ ਵਿੱਚ ਕੱਟੀ ਰਕਮ ਜਮਾਂ ਨਾ ਕਰਵਾਈ ਹੋਵੇ ਤਾਂ ਉਸ ਨੂੰ 3 ਮਹੀਨੇ ਤੋਂ ਲੈ ਕੇ 7 ਸਾਲ ਤੱਕ ਦੀ ਜੇਲ੍ਹ ਅਤੇ ਜੁਰਮਾਨਾ ਵੀ ਹੋ ਸਕਦਾ ਹੈ। (US/276BB)

**ਕਟੌਤੀਆਂ**

ਕੁੱਲ ਆਮਦਨ ਵਿੱਚੋਂ ਨਿਮਨਲਿਖਤ ਮੱਦਾਂ ਦੀਆਂ ਕਟੌਤੀਆਂ ਦੀ ਛੋਟ ਮਿਲਦੀ ਹੈ:-

(1) ਕਿੱਤਾ ਟੈਕਸ ਜੋ ਅਸਲ ਅਦਾ ਕੀਤਾ ਹੋਵੇ। ਧਾਰਾ-16 (i)

(2) ਪ੍ਰਾਪਤ ਕੀਤਾ ਅਸਲ ਮਨ ਪਰਚਾਵਾ ਭੱਤਾ ਜਾਂ ਤਨਖਾਹ +ਗ੍ਰੇਡ ਪੇ ਦਾ $\frac{1}{5}$ ਜਾਂ 5000 ਰੁਪਏ ਵਿੱਚੋਂ ਜਿਹੜਾ ਘੱਟ ਹੋਵੇ। ਧਾਰਾ- 16 (ii)

(3) (ੳ) ਐਲ. ਆਈ. ਸੀ. ਪ੍ਰੀਮੀਅਮ ਪੇਮੈਂਟ ਜਾਂ ਕੁਲ ਕਰਵਾਈ ਇਨਸ਼ੋਰੈਸ ਦਾ 10% ਰੀਬੇਟ।

(ਅ) ਜੇਕਰ ਕਰਦਾਤਾ 40% ਜਾਂ ਇਸ ਤੋਂ ਵੱਧ ਅੰਗਹੀਣ ਹੈ ਤਾਂ ਇਨਸ਼ੋਰੈਸ 1-4-13 ਤੋਂ ਬਾਅਦ ਕਰਵਾਈ ਬੀਮਾ ਰਾਸ਼ੀ ਦੇ 15% ਦੀ ਛੋਟ ਹੋਵੇਗੀ। ਪ੍ਰੋਵੀਡੈਂਟ ਫੰਡ ਵਿੱਚ ਜਮਾਂ ਕਰਵਾਈ ਰਕਮ (15000) ਅਤੇ ਇਸ ਵਿੱਚੋਂ ਲਏ ਐਡਵਾਂਸ ਜਾਂ ਲੋਨ ਦੀ ਵਾਪਸੀ ਨਹੀਂ ਜੁੜੇਗੀ।

(ੲ) ਭਾਰਤ ਸਰਕਾਰ ਵਲੋਂ ਮੰਜੂਰ ਰੀਟਾਇਰਮੈਂਟ ਫੰਡਾਂ ਵਿੱਚ ਜਮਾਂ ਕਰਵਾਈ ਰਾਸ਼ੀ।

(ਸ) ਸੈਂਟਰਲ ਸਕੀਮਾਂ ਅਧੀਨ ਸਕਿਉਰਟੀ/ਜਮਾਂ ਸਕੀਮਾਂ ਕਰਵਾਉਣ ਦੀ ਸਕੀਮ ਅਧੀਨ ਦਿੱਤੀ ਗਈ ਰਾਸ਼ੀ।

(ਹ) ਭਾਰਤ ਸਰਕਾਰ ਦੀਆਂ ਸੇਵਿੰਗ ਸਕੀਮਾਂ ਅਧੀਨ ਜਮਾਂ ਕਰਵਾਈ ਗਈ ਰਾਸ਼ੀ। (N.S.C. ਜਾਂ 5 year T.D.)

(ਕ) ਯੂਨਿਟ ਲਿੰਕ ਇਨਸ਼ੋਰੈਂਸ ਸਕੀਮ, ਮਿਊਚਲ ਫੰਡ ਅਧੀਨ ਜਮਾਂ ਕਰਵਾਈ ਰਾਸ਼ੀ।

(ਖ) ਪੈਨਸ਼ਨ ਫੰਡ ਜਾਂ ਮਿਊਚਲ ਫੰਡ ਵਿੱਚ ਜਮਾਂ ਕਰਵਾਈ ਰਾਸ਼ੀ।

(ਗ) ਭਾਰਤ ਸਰਕਾਰ ਦੇ ਨੈਸ਼ਨੇਲਾਈਜਡ ਬੈਂਕ ਜਾਂ ਨੋਟੀਫਾਈਡ ਬੈਂਕ ਦੇ ਬੱਚਤ ਖਾਤਿਆਂ ਵਿੱਚ ਜਮਾਂ ਕਰਵਾਈ ਗਈ ਰਾਸ਼ੀ।

(ਘ) ਪਬਲਿਕ ਸੈਕਟਰ ਕੰਪਨੀਆਂ ਜਿਹੜੀਆਂ ਕਿ ਲੰਬੇ ਸਮੇਂ ਲਈ ਕੰਨਸਟਰਕਸਨ, ਰਿਹਾਇਸ਼ੀ ਮਕਾਨ ਦੀ ਖ਼ਰੀਦ ਲਈ ਭਾਰਤ ਸਰਕਾਰ ਵਲੋਂ ਰਜਿਸਟਰਡ ਹੋਣ ਉਨ੍ਹਾਂ ਵਿੱਚ ਲਗਾਈ ਗਈ ਰਾਸ਼ੀ।

(ਙ) ਟਿਊਸ਼ਨ ਫੀਸ ਵੱਧ ਤੋਂ ਵੱਧ ਦੋ ਬੱਚਿਆਂ ਲਈ ਦਿੱਤੀ ਰਾਸ਼ੀ।

(ਚ) ਕਿਸੇ ਵੀ ਸਰਕਾਰ/ਬੈਂਕ/ਐਲ. ਆਈ. ਸੀ./ ਕੋਆਪਰੇਟਿਵ ਬੈਂਕ ਜਾਂ ਹਾਊਸਿੰਗ ਬੋਰਡ ਪਾਸੋਂ ਲਏ ਗਏ ਕਰਜੇ ਦੀ ਕਿਸ਼ਤ ਦੀ ਬਣਦੀ ਰਕਮ ਦੀ ਰਾਸ਼ੀ।

(ਛ) ਇਕੁਇਟੀ ਸ਼ੇਅਰ/ਡਿਬੈਚਰ ਲਈ ਦਿੱਤੀ ਗਈ ਕਿਸ਼ਤ



Scanned by CamScanner

ਦੀ ਰਾਸ਼ੀ (ਜਿਹੜੇ ਯੋਗ ਪਾਤਰ ਬਣਦੇ ਹੋਣ)

(ਜ) ਪੰਜ ਸਾਲ ਦੇ ਨਿਸ਼ਚਤ ਸਮੇਂ ਲਈ ਕਿਸੇ ਬੈਂਕ ਜਾਂ ਪਬਲਿਕ ਸੈਕਟਰ ਬੈਂਕ ਜਾਂ ਸ਼ਡਿਊਲਡ ਬੈਂਕ ਜਾਂ ਡਾਕਘਰ ਵਿੱਚ ਜਮਾਂ ਕਰਵਾਈ ਗਈ ਰਾਸ਼ੀ।

(ਝ) ਸੀਨੀਅਰ ਸਿਟੀਜਨ ਬੱਚਤ ਸੀਮਾ 2004 ਵਿੱਚ ਲਗਾਈ ਗਈ ਰਾਸ਼ੀ।

(ਞ) ਕੋਈ ਰਕਮ ਜੋ ਕਿ ਕਰਦਾਤਾ ਨੇ ਆਪਣੇ ਬੱਚੇ (ਲੜਕੀ) ਲਈ ਜੋ ਕਿ ਉਸ ਤੇ ਨਿਰਭਰ ਹੋਵੇ ਸੈਂਟਰਲ ਗਵਰਨਮੈਂਟ ਦੀ ਅਜਿਹੀ ਸਕਿਉਰਟੀ ਲਈ ਜਮਾਂ ਕਰਵਾਈ ਹੋਵੇ ਜੋ ਕਿ ਗਵਰਨਮੈਂਟ ਵਲੋਂ ਨੋਟੀਫਾਈ ਕੀਤੀ ਹੋਵੇ ਤਾਂ ਉਸ ਰਕਮ ਤੇ 80-C ਅਧੀਨ ਰਿਬੇਟ ਮਿਲੇਗਾ।

ਨੋਟ :- ਇਸ ਧਾਰਾ 3 ਦੀਆਂ ਕਟੌਤੀਆਂ ਆਮਦਨ ਕਰ ਦੀ ਧਾਰਾ 80-ਸੀ ਅਧੀਨ ਆਉਂਦੀਆਂ ਹਨ।

(4) L.I.C. ਜਾਂ ਹੋਰ ਕਿਸੇ ਬੀਮਾ ਕੰਪਨੀ ਵਲੋਂ ਸ਼ੁਰੂ ਕੀਤੀ ਗਈ ਨਵੀਂ ਪੈਨਸ਼ਨ ਫੰਡ ਅਧੀਨ ਵੱਧ ਤੋਂ ਵੱਧ 15000 ਦੀ ਰਕਮ ਕਰ ਮੁਕਤ ਹੈ। (ਧਾਰਾ-80.CCC)

(5) ਪਰ ਧਾਰਾ 80-C, 80CCC ਅਤੇ 80 CCD ਅਧੀਨ ਹੋਈਆਂ ਕੁੱਲ ਕਟੌਤੀਆਂ ਦੀ ਅਸਲ ਰਾਸ਼ੀ ਜਾਂ ਵੱਧ ਤੋਂ ਵੱਧ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਤੱਕ ਵਿੱਚੋਂ ਜਿਹੜੀ ਰਕਮ ਵੀ ਘੱਟ ਹੋਵੇ ਦੀ ਛੋਟ ਮਿਲਦੀ ਹੈ। (ਧਾਰਾ 80-CCE)

(6) ਨਵੀਂ ਪੈਨਸ਼ਨ ਸਕੀਮ ਅਧੀਨ ਰੋਜਗਾਰ ਦਾਤੇ ਵਲੋਂ ਸਿਰਫ ਤਨਖਾਹ ਦਾ 10% ਜਮਾਂ ਕਰਵਾਈ ਗਈ ਰਾਸ਼ੀ ਜੋ ਕਿ ਤਨਖਾਹ ਦਾ 10% ਹੁੰਦੀ ਹੈ ਵੀ ਕਰ ਮੁਕਤ ਹੈ। ਇਹ ਰਾਸ਼ੀ 80-C ਤੋਂ ਇਲਾਵਾ ਹੈ।(ਧਾਰਾ-80 CCD) (2)

(7) ਮੈਡੀਕਲ ਇੰਨਸ਼ੋਰੈਂਸ ਜੋ ਮੁਲਾਜ਼ਮ ਨੇ ਆਪਣੇ ਖੁਦ ਲਈ ਜਾਂ ਪਤਨੀ ਜਾਂ ਬੱਚਿਆਂ ਲਈ ਕਰਵਾਇਆ ਹੋਵੇ ਦੀ 25000 ਰੁਪਏ ਤੱਕ ਦੀ ਛੋਟ ਮਿਲਦੀ ਹੈ। ਅਤੇ ਜੇਕਰ ਉਸ ਨੇ ਇਹ ਮੈਡੀਕਲ ਇਨਸ਼ੋਰੈਸ ਆਪਣੇ ਸੀਨੀਅਰ ਸਿਟੀਜਨ ਮਾਪਿਆਂ ਲਈ ਕਰਵਾਈ ਹੋਵੇ ਤਾਂ ਉਸ ਨੂੰ ਵੱਧ ਤੋਂ ਵੱਧ 30,000 ਰੁਪਏ ਤੱਕ ਦੀ ਛੋਟ ਹੋਵੇਗੀ। (ਧਾਰਾ-80-D) ਇਸ ਸਾਰੀ ਰਕਮ ਵਿੱਚੋਂ 5000 ਰੁ. ਤੱਕ ਮੈਡੀਕਲ ਚੈਕਅਪ ਲਈ ਛੋਟ ਹੋਵੇਗੀ। ਵੈਰੀ ਸੀਨੀਅਰ ਸਿਟੀਜਨ ਮਾਪਿਆਂ ਲਈ ਇਹ ਹੈਲਥ ਬੀਮਾ ਲਾਗੂ ਨਹੀਂ ਹੁੰਦਾ। ਉਹਨਾਂ ਨੂੰ ਸਿਰਫ ਮੈਡੀਕਲ ਤੇ ਖਰਚ ਕੀਤੇ ਜੋ ਕਿ ਵੱਧ ਤੋਂ ਵੱਧ 50,000 ਰੁ. ਹੋਣ ਅਤੇ ਉਨ੍ਹਾਂ ਨੇ ਆਪਣਾ ਜੀਵਨ ਬੀਮਾਂ ਨਾਂ ਕਰਵਾਇਆ ਹੋਵੇ ਤਾਂ ਛੋਟ ਮਿਲਦੀ ਹੈ।

(8) ਮੁਲਾਜ਼ਮ ਤੇ ਨਿਰਭਰ ਵਿਕਲਾਂਗ ਬੱਚੇ ਦੀ ਸਾਂਭ ਸੰਭਾਲ ਅਤੇ ਉਸ ਦੀ ਵਿਕਲਾਂਗਤਾ ਦੇ ਅਧਾਰ ਤੇ (ਜੇਕਰ ਉਸ ਦੀ ਵਿਕਲਾਂਗਤਾ 80% ਤੋਂ ਘੱਟ ਹੈ ਤਾਂ ਫਿਰ ਉਸ ਨੂੰ 75,000 ਰੁਪਏ ਤੱਕ ਅਤੇ ਜੇਕਰ ਵਿਕਲਾਂਗਤਾ 80% ਜਾਂ ਇਸ ਤੋਂ ਵੱਧ ਹੈ ਤਾਂ 125000/-ਰੁ. ਦੀ ਛੋਟ ਮਿਲੇਗੀ) (ਧਾਰਾ 80-DD)

9 (I) ਲਾਈਫ ਬੀਮਾ ਪਾਲਿਸੀ ਦਾ ਮੈਚੁਰਟੀ ਸਮੇਂ ਮਿਲਿਆਂ ਲਾਭ ਜਾਂ ਬੋਨਸ ਧਾਰਾ 10-(10D ) ਦੇ ਤਹਿਤ ਕਰ ਮੁਕਤ ਹੁੰਦਾ ਹੈ।

(II) ਫੈਮਲੀ ਪੈਨਸ਼ਨ ਜੋ ਕਿ ਮਿਲਟਰੀ ਸਰਵਿਸ ਦੁਰਾਨ ਕਿਸੇ ਉਪਰੇਸ਼ਨ ਡਿਊਟੀ ਕਰਦੇ ਸਮੇਂ ਮੌਤ ਹੋਣ ਤੇ ਮਿਲੀ ਹੋਵੇ। ਵੀ ਧਾਰਾ ਕਲਾਜ 10 (19) ਦੇ ਤਹਿਤ ਕਰ ਮੁਕਤ ਹੈ।

(10) ਧਾਰਾ 80 D D B ਦੇ ਰੂਲ 11-D D ਦੇ ਅਧੀਨ

(ੳ) Neurological Diseases (a) Dementia (b) Dystonia Musculorum Deformans (c) Motor Neuro Disease (d) Ataxia (e) Chorea (f) Hemiballismus (g) Aphasia (h) Parkinsons Disease ਦੀ ਬੀਮਾਰੀ ਤੋਂ ਪੀੜਤ ਮਰੀਜ ਵੀ ਕਰੌਨਿਕ ਬੀਮਾਰੀ ਅਧੀਨ ਆਉਂਦਾ ਹੈ। ਅਤੇ ਜੇਕਰ ਉਸ ਦੀ ਅੰਗਹੀਣਤਾ 40% ਜਾਂ ਵੱਧ ਮਿਥੀ ਗਈ ਹੋਵੇ ਤਾਂ ਹੇਠ ਲਿਖੀਆਂ ਬੀਮਾਰੀਆਂ ਜਿਵੇ: (ੳ) Cancer (ਅ) Full Blown Acquired immuno Defficency Syndromec (AIDS)

(ੲ) Chronic Renal Failur

(ਸ) Hemophilia Thalassalemia ਹੋਣ ਦਾ ਕਿਸੇ ਵੀ ਰਜਿਸਟਰਡ ਡਾਕਟਰ ਜੋ ਕਿ ਪੋਸਟ ਗ੍ਰੈਜੂਏਟ ਹੋਵੇ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪਾਸ ਰਜਿਸਟਰਡ ਹੋਵੇ ਵਲੋਂ ਅਜੇਹੀ ਬੀਮਾਰੀ ਦਾ ਸਰਟੀਫਿਕੇਟ ਦੇਣ ਤੇ ਮਰੀਜ ਦੀ ਬਿਮਾਰੀ ਤੇ ਆਏ ਖਰਚ ਦਾ ਵੱਧ ਤੋਂ ਵੱਧ 40,000/- ਰੁ. ਜਾਂ ਡਿਪੈਨਡੈਂਟ ਜੋ 60 ਸਾਲ ਜਾਂ 60 ਸਾਲ ਤੋਂ ਉਪਰ ਹੋਵੇ ਤਾਂ ਉਸ ਨੂੰ 60,000/- ਰੁ. ਦੀ ਛੋਟ ਹੋਵੇਗੀ।



Scanned by CamScanner

ਅਤੇ 80 ਸਾਲ ਤੇ ਇਸ ਤੋਂ ਉਪਰ ਸੀਨੀਅਰ ਸਿਟੀਜਨ ਲਈ 80000/- ਦੀ ਛੋਟ ਹੋਵੇਗੀ। ਡਾਕਟਰ ਵਲੋਂ ਨਿਮਨਲਿਖਤ ਫਾਰਮ ਤੇ ਸਰਟੀਫ਼ਿਕੇਟ ਜਾਰੀ ਕੀਤਾ ਜਾਵੇਗਾ।

**Form No-10-1 (See Rule 11-DD)**

1) Name of the Patient................

2) Address....................

3) Name and details of disease ailment

(See Rule 11-DD)

4) The date of commencement of treatment....

5) Name, Address, Registration No., of the prescreibed authority.......................

[(See Rule 11-DD (2)]

**Verification**

I certify that the information furnished above is true to be best of my knowledge and the patient is suffering from Above-mentioned Chronic and Protracted disease as defined in Section 80-DDB of Income Tax Act'1961, read with rule-11 DD of Income Tax Rules, 1962.

Signature

(Name and Address)

(11) ਧਾਰਾ 80 E ਦੇ ਅਧੀਨ ਜੇਕਰ ਮੁਲਾਜ਼ਮ ਨੇ ਜਾਂ ਉਸ ਤੇ ਨਿਰਭਰ ਬੱਚੇ ਨੇ ਉਚੇਰੀ ਵਿਦਿਆ ਹਾਸਲ ਕਰਨ ਲਈ ਕਰਜਾ ਲਿਆ ਹੋਵੇ ਤਾਂ ਫਿਰ ਸਾਲ ਦੌਰਾਨ ਕਰਜੇ ਉਪਰ ਲੱਗਣ ਵਾਲੇ ਵਿਆਜ ਦੀ ਰਕਮ ਟੈਕਸ ਯੋਗ ਆਮਦਨ ਵਿੱਚੋਂ ਘਟਾਈ ਜਾਵੇਗੀ ਜਦ ਤੀਕ ਕਿ ਕਰਜ ਦੀ ਰਕਮ ਵਿਆਜ ਸਮੇਤ ਖ਼ਤਮ ਨਹੀਂ ਹੋ ਜਾਂਦੀ ਜਾਂ ਅੱਠ ਸਾਲ ਤੱਕ, ਪਰ ਜਿਹੜੀ ਗੱਲ ਪਹਿਲਾਂ ਵਾਪਰੇ।

(12) ਧਾਰਾ 80-G ਦੇ ਅਧੀਨ ਨਿਮਨਲਿਖਤ ਸੰਸਥਾਵਾਂ ਨੂੰ ਦਾਨ ਲਈ ਦਿੱਤੀ ਗਈ ਰਕਮ ਜੋ ਕਿ ਦੋ ਹਜ਼ਾਰ ਰੁ. ਤੋਂ ਘੱਟ ਨਾਂ ਹੋਵੇ ਤੇ ਨਕਦ ਨਾਂ ਦਿੱਤੀ ਹੋਵੇ ਉਹ ਕਰ ਮੁਕਤ ਹੁੰਦੀ ਹੈ। 'ੳ' ਦੀ 50% ਰਕਮ ਅਤੇ 'ਅ' ਦੀ ਸਾਰੀ ਰਕਮ ਕਰ ਮੁਕਤ ਹੁੰਦੀ ਹੈ। (ਦੇਖੋ (ੲ))

(ੳ) (1) ਜਵਾਹਰ ਲਾਲ ਨਹਿਰੂ ਮੈਮੋਰੀਅਲ ਫੰਡ (2) ਪ੍ਰਧਾਨ ਮੰਤਰੀ ਸੋਕਾ ਪੀੜਤ ਫੰਡ (3) ਇੰਦਰਾ ਗਾਂਧੀ ਮੈਮੋਰੀਅਲ ਟ੍ਰਸਟ (4) ਰਾਜੀਵ ਗਾਂਧੀ ਫਾਊਂਡੇਸ਼ਨ।

(ਅ) ਨੈਸ਼ਨਲ ਡੀਫੈਂਸ ਫੰਡ, ਪ੍ਰਧਾਨ ਮੰਤਰੀ ਕੌਮੀ ਰੀਲੀਫ ਫੰਡ , ਅਫਰੀਕਾ ਫੰਡ, ਪ੍ਰਧਾਨ ਮੰਤਰੀ ਅਰਮੀਨੀਆ ਭੂਚਾਲ ਫੰਡ, ਨੈਸ਼ਨਲ ਫਾਊਂਡੇਸ਼ਨ ਆਫ ਕਮਿਊਨਲ ਹਾਰਮਨੀ, ਜ਼ਿਲਾ ਸਾਖਰਤਾ ਸੰਮਤੀ, ਕੌਮੀ ਖ਼ੂਨ ਦੀ ਤਬਦੀਲੀ ਦੀ ਕੌਂਸਲ, ਗਰੀਬਾਂ ਨੂੰ ਸਹਾਇਤਾ ਦੇਣ ਲਈ ਰਾਜ ਸਰਕਾਰ ਵਲੋਂ ਸਥਾਪਤ ਫੰਡ, ਭਾਰਤੀ ਸੈਨਿਕਾਂ ਦੀ ਭਲਾਈ ਦਾ ਫੰਡ, ਆਂਧਰਾ ਪ੍ਰਦੇਸ਼ ਮੁੱਖ ਮੰਤਰੀ ਝੱਖੜ ਰੀਲੀਫ ਫੰਡ, ਕੌਮੀ ਬੀਮਾਰੀ ਸਹਾਇਤਾ ਫੰਡ, ਮੁੱਖ ਮੰਤਰੀ ਰੀਲੀਫ ਫੰਡ ਜਾਂ ਲੈਫਟੀਨੈਂਟ ਗਵਰਨਰ ਰੀਲੀਫ ਫੰਡ, ਕੇਂਦਰ ਸਰਕਾਰ ਵਲੋਂ ਸਥਾਪਤ ਕੌਮੀ ਖੇਡ ਫੰਡ, ਕੇਂਦਰ ਸਰਕਾਰ ਵਲੋਂ ਸਥਾਪਤ ਕੌਮੀ ਕਲਚਰਲ ਫੰਡ, ਟੈਕਨੌਲੋਜੀ ਡਿਵੈਲਪਮੈਂਟ ਲਈ ਸਥਾਪਤ ਕੌਮੀ ਕਲਚਰਲ ਫੰਡ Autism, Cerebral Palsy, Mental Retardation and Multiple Disabilities ਦੀ ਭਲਾਈ ਲਈ ਸਥਾਪਤ ਕੌਮੀ ਟ੍ਰਸਟ, ਸਵੱਛ ਭਾਰਤ ਕੋਸ਼, ਗੰਗਾ ਦੀ ਸਫਾਈ ਲਈ ਦਿੱਤਾ ਫੰਡ, ਡਰੱਗ ਦੀ ਰੋਕਥਾਮ ਲਈ ਦਿੱਤਾ ਫੰਡ, ਓਲੰਪੀਅਨ ਐਸੋਸੀਏਸ਼ਨ ਨੂੰ ਦਿੱਤਾ ਦਾਨ ਕਿਸੇ ਵੀ ਪ੍ਰਵਾਨਤ ਸੰਸਥਾ ਨੂੰ ਦਿੱਤਾ ਦਾਨ

(ੲ) ਜੇਕਰ ਉਪਰੋਕਤ ਰਕਮ ਉਸ ਦੀ ਕੁੱਲ ਆਮਦਨ ਦੇ 10% ਤੋਂ ਵੱਧ ਹੋਵੇ ਤਾਂ ਉਸ ਰਕਮ ਨੂੰ ਅਣਡਿਠ ਕੀਤਾ ਜਾਵੇਗਾ। ਉਦਾਹਰਣ ਦੇ ਤੌਰ ਤੇ ਜੇਕਰ (ੳ) ਅਧੀਨ 50 ਹਜ਼ਾਰ ਰੁ. ਦਾਨ ਦਿੱਤਾ ਹੋਵੇ ਤਾਂ ਰਿਬੇਟ 25 ਹਜ਼ਾਰ ਰੁ. ਦੀ ਹੋਵੇਗੀ ਅਤੇ ਜੇਕਰ ਦਾਨ ਇਕ ਲੱਖ ਰੁ. ਦਾ ਦਿੱਤਾ ਹੋਵੇ ਤਾਂ ਫਿਰ ਰੀਬੇਟ ਪੰਜਾਹ ਹਜ਼ਾਰ ਰੁ. ਦੀ ਥਾਂ ਤੇ ਰੀਬੇਟ ਦੀ ਵੱਧ ਤੋਂ ਵੱਧ ਲਿਮਟ ਤੀਹ ਹਜ਼ਾਰ ਰੁ. ਹੀ ਮਿਲੇਗੀ ਨਾਂ ਕਿ 50 ਹਜ਼ਾਰ। ਇਸੇ ਤਰ੍ਹਾਂ ਹੀ ਜੇਕਰ ਦਾਨ ਤਿੰਨ ਲੱਖ ਰੁ. ਦਿੱਤਾ ਹੋਵੇ ਤਾਂ ਫਿਰ ਰੀਬੇਟ ਡੇਢ ਲੱਖ ਰੁ. ਦੀ ਬਜਾਏ ਵੱਧ ਤੋਂ ਵੱਧ ਰਿਬੇਟ ਦੀ ਹੱਦ ਤੀਹ ਹਜ਼ਾਰ ਰੁ. ਹੀ ਰਹੇਗੀ। ਜਦੋਂ ਇਹ ਰੀਬੇਟ ਸਬ ਸੈਕਸ਼ਨ (2) ਅਧੀਨ ਕੀਤਾ ਹੋਵੇ ਜਦੋਂ ਦਾਨ ਕਿਸੇ ਅਜਿਹੇ ਇੰਨਸਟੀ ਚਿਊਸ਼ਨ ਨੂੰ ਕੀਤਾ ਹੋਵੇ ਜਿਹੜਾ ਕਿ ਧਾਰਾ 80G ਨੂੰ ਕੁਆਲੀਫਾਈ ਨਾ ਕਰੇ ਜਿਵੇ ਕਿ ਇਨਸਟੀਚਿਊਸ਼ਨ ਜਾਂ ਫੰਡ ਜਿਹੜਾ ਕਿ ਸ਼ਡੂਲ ਕਾਸਟ, ਬੈਕਵਰਡ ਕਲਾਸ, ਸ਼ਡੂਲ ਟਰਾਈਬ, ਇਸਤਰੀ ਜਾਂ ਬੱਚਿਆਂ ਲਈ ਸਥਾਪਤ ਕੀਤਾ ਹੋਵੇ ਤਾਂ ਕੁਲ ਆਮਦਨ ਤੇ 5% ਦੀ ਰੀਬੇਟ ਮਿਲੇਗੀ ਅਤੇ ਕੁਲ ਰੀਬੇਟ 10000 ਰੁ. ਤੋਂ ਵੱਧ ਨਹੀਂ ਹੋਵੇਗੀ ਭਾਵੇਂ ਇਹ ਰਕਮ ਕੈਸ਼ ਜਾਂ ਕਿਸੇ ਹੋਰ ਤਰੀਕੇ ਨਾਲ ਦਿੱਤੀ ਹੋਵੇ।

(13) ਕਰਦਾਤਾ ਜੇਕਰ 40% ਜਾਂ ਇਸ ਤੋਂ ਵੱਧ ਅੰਗਹੀਣ



Scanned by CamScanner

ਹੈ ਤਾਂ ਉਸ ਨੂੰ 75000 ਰੁਪਏ ਦੀ ਛੋਟ ਮਿਲੇਗੀ ਅਤੇ ਜੇਕਰ ਉਹ 80% ਜਾਂ ਵੱਧ ਅੰਗਹੀਣ ਹੈ ਤਾਂ ਫਿਰ ਉਸ ਨੂੰ 125000 ਰੁਪਏ ਦੀ ਛੋਟ ਮਿਲੇਗੀ। (ਧਾਰਾ 80-U)

(14) ਉਹ ਵਿਅੱਕਤੀ ਜੋ ਆਪਣੀ ਤਨਖਾਹ/ਪੈਨਸ਼ਨ ਤੋਂ ਇਲਾਵਾ ਫੈਮਲੀ ਪੈਨਸ਼ਨ ਵੀ ਪ੍ਰਾਪਤ ਕਰ ਰਿਹਾ ਹੈ ਤਾਂ ਉਸ ਨੂੰ ਪ੍ਰਾਪਤ ਕੀਤੀ ਪ੍ਰਵਾਰਕ ਪੈਨਸ਼ਨ ਦਾ $\frac{1}{3}$ ਜਾਂ 15000 ਰੁ. ਵਿੱਚੋਂ ਜੋ ਵੀ ਘੱਟ ਹੋਵੇ ਦੀ ਛੋਟ ਮਿਲਦੀ ਹੈ। (ਧਾਰਾ-64)

(15) ਜੇਕਰ ਕਿਸੇ ਵਿਅੱਕਤੀ ਨੂੰ ਬੈਂਕ, ਕੋ ਆਪਰੇਟਿਵ ਸੋਸਾਇਟੀ ਜਾਂ ਪੋਸਟ ਆਫਿਸ ਸੇਵਿੰਗ ਬੈਂਕ ਅਕਾਊਂਟ ਵਿੱਚ ਜਮ੍ਹਾਂ ਕਰਵਾਈ ਗਈ ਰਕਮ ਤੇ ਜੋ ਵਿਆਜ ਮਿਲਦਾ ਹੈ ਉਸ ਤੇ ਦਸ ਹਜ਼ਾਰ ਰੁ. ਤੱਕ ਦੀ ਧਾਰਾ 80-Cਟੀ. ਟੀ. ਏ. ਦੇ ਅਧੀਨ ਰੀਬੇਟ ਮਿਲਦਾ ਹੈ ਅਤੇ ਬਾਕੀ ਬਚਦੀ ਰਕਮ ਆਮਦਨ ਮੰਨੀ ਜਾਵੇਗੀ। ਪ੍ਰੰਤੂ ਜੇਕਰ ਕਿਸੇ ਫਰਮ, ਟਰੱਸਟ, ਐਸੋਸੀਏਸ਼ਨ, ਬਾਡੀ ਆਫ ਇੰਡੀਵੀਜੀਅਲ ਨੇ ਸੇਵਿੰਗ ਬੈਂਕ ਅਕਾਊਟ ਵਿੱਚ ਕੋਈ ਰਕਮ ਜਮਾਂ ਕਰਵਾਈ ਹੋਵੇ ਤਾਂ ਕੋਈ ਰੀਬੇਟ ਨਹੀਂ ਮਿਲੇਗਾ।

ਜੇਕਰ ਰਕਮ ਸੁਕੰਨਿਆਂ ਸਮਰਿਧੀ ਅਕਾਊਂਟ ਸਕੀਮ ਵਿੱਚ ਲਗਾਈ ਹੋਵੇ। ਉਸ ਤੇ 1-04-2016 ਤੋਂ 30-6-16 ਤੀਕ 8.6% ਤੇ 1-7-16 ਤੋਂ 30-9-16 ਤੀਕ ਵੀ 8.6%, 1-10-16 ਤੋਂ 31-12-16 ਤੀਕ 8.5% ਵਿਆਜ ਮਿਲਦਾ ਹੈ ਅਤੇ ਅਗਲੀ ਵਿਆਜ ਦੀ ਦਰ ਡਾਕਘਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਉਪਰ ਇਨਕਮ ਟੈਕਸ ਨਹੀਂ ਲੱਗਦਾ।

ਜੇਕਰ ਕਿਸੇ ਕਰ ਦਾਤਾ ਜਾਂ ਹਿੰਦੂ ਅਨਡਿ-ਵਾਈਡਿਡ ਫੈਮਲੀ ਨੇ ਕੋਈ ਮਕਾਨ ਬਣਾਉਣ ਲਈ ਕਿਸੇ ਵੀ ਵਿੱਤੀ ਸੰਸਥਾ ਤੋਂ ਕਰਜਾ ਲੈਣਾ ਹੋਵੇ ਤਾਂ ਉਸ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:-

1 ਜੇਕਰ ਆਪਣੇ ਰਹਿਣੇ ਲਈ ਮਕਾਨ ਬਣਾ ਰਹੇ ਹੋ ਤਾਂ ਜਿੰਨਾ ਚਿਰ ਮਕਾਨ ਬਣ ਕੇ ਤਿਆਰ ਨਹੀਂ ਹੋ ਜਾਂਦਾ ਉਤਨਾਂ ਸਮਾਂ ਉਸ ਤੇ ਕੋਈ ਵੀ ਟੈਕਸ ਰਿਬੇਟ ਨਹੀਂ ਮਿਲਦੀ। ਜੇਕਰ ਮਕਾਨ ਕਰਜਾ ਲੈਣ ਦੇ ਪਹਿਲੇ ਵਿੱਤੀ ਸਾਲ ਵਿੱਚ ਪੂਰਾ ਹੋ ਜਾਂਦਾ ਹੈ ਤਾਂ ਉਸ ਵਿੱਤੀ ਸਾਲ ਦਾ ਸਾਰਾ ਵਿਆਜ ਜੋ ਕਿ ਵੱਧ ਤੋਂ ਵੱਧ US 24 ਤਹਿਤ 2 ਲੱਖ ਰੁ: ਅਤੇ US 80-C ਅਧੀਨ ਮੂਲ ਰਾਸ਼ੀ ਦੀ ਵਾਪਸੀ ਤੇ 1,50,000/- ਰੁ. ਤੱਕ ਦੀ ਛੋਟ ਮਿਲਦੀ ਹੈ। ਜੇਕਰ ਮਕਾਨ 3 ਸਾਲ ਤੱਕ ਤਿਆਰ ਹੁੰਦਾ ਹੈ ਤਾਂ 3 ਸਾਲ ਤੱਕ ਉਸਨੂੰ ਕੋਈ ਕਰ ਦੀ ਰਾਹਤ ਨਹੀਂ ਮਿਲਦੀ। ਚੌਥੇ ਸਾਲ ਦੁਰਾਨ ਜਦੋਂ ਮਕਾਨ ਪੂਰਾ ਹੋ ਗਿਆ ਹੈ ਦਿੱਤਾ ਵਿਆਜ+ 1/5 ਰਾਸ਼ੀ ਜੋ ਕਿ ਕਰ ਦਾਤਾ ਨੇ ਪਹਿਲੇ 3 ਸਾਲ ਦੌਰਾਨ ਵਿਆਜ ਤੇ ਚੁਕਾਈ ਹੈ, ਦੀ ਕਰ ਰਾਹਤ ਮਿਲਦੀ ਹੈ। ਇਸੇ ਤਰਾਂ ਅਗਲੇ 5 ਸਾਲਾਂ ਵਿੱਚ ਨਿਰਮਾਣ ਅਧੀਨ ਸੰਪਤੀ ਤੇ ਦਿੱਤਾ ਵਿਆਜ ਹਿਸਾਬ ਵਿੱਚ ਲਿਆ ਜਾਂਦਾ ਹੈ।

ਜੇਕਰ ਤੁਸੀਂ ਆਪਣਾ ਮਕਾਨ ਰਹਿਣ ਦੀ ਬਜਾਏ ਕਿਰਾਏ ਤੇ ਦੇਣ ਲਈ ਬਣਾ ਰਹੇ ਹੋ ਤਾਂ ਦਿੱਤੇ ਵਿਆਜ ਦੀ ਕੋਈ ਸੀਮਾਂ ਨਹੀਂ ਹੁੰਦੀ। ਮਕਾਨ ਖਰੀਦਣ ਸਮੇਂ ਮੂਲਧਨ ਤੇ ਸਟੈਂਪ ਡਿਊਟੀ ਤੇ ਕਰ ਤੋਂ ਉਪਰ ਲਿਖੇ ਅਨੁਸਾਰ ਕਰ ਤੋਂ ਧਾਰਾ 80/C ਦੇ ਅਧੀਨ ਰਾਹਤ ਮਿਲਦੀ ਹੈ।

1 ਜੂਨ 2015 ਤੋਂ ਧਾਰਾ 2.69 (S) (S) ਅਤੇ 269 (T) ਦੇ ਅਨੁਸਾਰ ਕੋਈ ਵੀ ਪ੍ਰਾਪਰਟੀ 20,000 ਰੁ. ਤੋਂ ਉਪਰ ਨਕਦ ਨਹੀਂ ਖਰੀਦੀ ਜਾ ਸਕਦੀ। ਪ੍ਰਾਪਰਟੀ ਦੀ ਕੀਮਤ ਅਕਾਊਂਟ ਪੇਈ ਚੈਕ ਜਾਂ ਆਰ ਟੀ ਜੀ ਐਸ ਦੇ ਜਰੀਏ ਹੀ ਹੋ ਸਕਦੀ ਹੈ।

(16) ਜੇਕਰ ਕਿਸੇ ਕਰ ਦਾਤੇ ਦੀ ਕੁਲ ਆਮਦਨ, ਆਮਦਨ ਕਰ ਦੀ ਧਾਰਾ (13-A) US-10 ਦੇ ਅਧੀਨ ਨਹੀਂ ਆਉਂਦੀ ਅਤੇ ਉਸ ਦੀ H.R.A. ਦੀ ਕਟੌਤੀ ਕਿਸੇ ਫਰਨਿਸ ਜਾਂ ਅਨਫਰਨਿਸਡ ਅਕਾਮੋਡੇਸ਼ਨ ਤਨਖਾਹ ਤੇ 10% ਤੋਂ ਵੱਧ ਹੁੰਦੀ ਹੈ ਤਾਂ ਉਸ ਨੂੰ ਵੱਧ ਤੋਂ ਵੱਧ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾਂ ਜਾਂ ਕੁੱਲ ਆਮਦਨ ਦਾ 25% ਪ੍ਰਤੀ ਸਾਲ ਜੋ ਦੋਨਾਂ ਵਿੱਚੋਂ ਜੋ ਵੀ ਘੱਟ ਹੋਵੇ ਦੀ ਰੀਬੇਟ ਮਿਲਦੀ ਹੈ (ਧਾਰਾ 80-GG)

(17) ਜੇਕਰ ਕਿਸੇ ਕਰ ਦਾਤਾ ਦੀ ਆਮਦਨ ਟੈਕਸ ਯੋਗ ਹੈ ਤਾਂ ਉਸ ਦੇ ਡੀ. ਡੀ. ਓ. ਵਲੋਂ ਚੈਪਟਰ XVII-B ਦੇ ਅਧੀਨ ਟੈਕਸ ਕੱਟਿਆ ਗਿਆ ਹੈ ਤਾਂ ਕਰ ਦਾਤਾ ਵਲੋਂ ਡੀ. ਡੀ. ਓ. ਨੂੰ ਆਪਣਾ ਪੈਨ ਨੰਬਰ ਦੇਣਾ ਜ਼ਰੂਰੀ ਹੈ। ਜੇਕਰ ਉਹ ਅਜੇਹਾ ਨਹੀਂ ਕਰਦਾ ਤਾਂ ਉਸ ਦੀ ਆਮਦਨ ਤੇ ਟੈਕਸ ਉੱਚੀ ਦਰ ਨਾਲ ਨਿਮਨਲਿਖਤ ਦਰ ਤੇ ਲੱਗੇਗਾ:-

ੳ) ਜਿਵੇਂ ਕਿ ਰੇਟ ਸਬੰਧਤ ਨਿਯਮ ਵਿੱਚ ਵਰਨਣ ਕੀਤਾ ਹੋਵੇ ਜਾਂ ਜੋ ਰੇਟ ਚਾਲੂ ਹੋਵੇ ਜਾਂ 20% ਦਰ ਨਾਲ ਟੈਕਸ ਕੱਟਿਆ ਜਾਵੇਗਾ।

ਅ) ਕੋਈ ਵੀ ਡੈਕਲਾਰੇਸ਼ਨ (1) ਜਾਂ ਸਬ ਸੈਕਸ਼ਨ (1-A) ਸਬ ਸੈਕਸ਼ਨ (1-C) ਆਫ ਸੈਕਸ਼ਨ 197 ਦੇ ਅਧੀਨ ਵੈਲਿਡ ਨਹੀਂ ਹੋਵੇਗਾ। ਜਦੋਂ ਤੀਕ ਕਿ ਕਰ ਦਾਤਾ ਆਪਣਾ ਪੈਨ ਨੰਬਰ ਨਹੀਂ ਦੇਵੇਗਾ। ਸਵੱਛ



Scanned by CamScanner

ਭਾਰਤ ਕੋਸ਼, ਗੰਗਾਂ ਕਲੀਨ ਫੰਡ ਅਤੇ ਨੈਸ਼ਨਲ ਫੰਡ ਫਾਰ ਕੰਟਰੋਲ ਆਫ ਡਰੱਗ ਅਬੂਜ ਦੇ ਲਈ ਦਿੱਤਾ ਦਾਨ ਧਾਰਾ 80G ਦੇ ਅਧੀਨ ਕਰ ਮੁਕਤ ਹੁੰਦਾ ਹੈ।

(ਆਮਦਨ ਕਰ ਦੀ ਧਾਰਾ 206-AA)

(18) ਜੇਕਰ ਕਿਸੇ ਕਰ ਦਾਤੇ ਨੂੰ ਰਾਇਲਟੀ ਇਨਕਮ ਜਿਵੇਂ ਕਿ ਪੁਸਤਕਾਂ ਦੀ ਲਿਖਾਈ (ਸਿਵਾਏ ਟੈਸਟ ਬੁੱਕ) ਤੋਂ ਤਿੰਨ ਲੱਖ ਰੁਪਏ ਜਾਂ ਇਸ ਦੇ ਇਵਜ ਵਜੋਂ ਜੋ ਵੀ ਅਸਲ ਰਕਮ ਪ੍ਰਾਪਤ ਹੋਵੇ ਅਤੇ ਦੋਨਾਂ ਵਿੱਚੋਂ ਜਿਹੜੀ ਰਕਮ ਘੱਟ ਹੋਵੇ ਦੀ ਰੀਬੇਟ ਮਿਲਦੀ ਹੈ। ਧਾਰਾ 80-QQB

(19) ਜੇਕਰ ਕਿਸੇ ਕਰ ਦਾਤੇ ਨੇ ਪਹਿਲੇ ਸਾਲ ਰਕਮ ਇਕੁਟੀ ਸ਼ੇਅਰ ਵਿੱਚ ਲਗਾਈ ਹੋਵੇ ਅਤੇ ਸੈਂਟਰਲ ਗੌਰਮਿੰਟ ਨੇ ਇਹ ਸਕੀਮ ਆਮਦਨ ਕਰ ਦੀ ਧਾਰਾ ਸਬ ਸੈਕਸ਼ਨ (3) ਦੇ ਅਧੀਨ ਕਟੌਤੀ ਨੋਟੀਫਾਈ ਕੀਤੀ ਹੋਵੇ ਤਾਂ ਕਰ ਦਾਤੇ ਨੂੰ 25000/- ਰੁ. ਜਾਂ ਲਗਾਈ ਗਈ ਰਕਮ ਦਾ 50% ਜੋ ਵੀ ਘੱਟ ਹੋਵੇ ਦੀ ਰੀਬੇਟ ਮਿਲੇਗੀ। (ਧਾਰਾ 80-CCG)

(20) ਜੇਕਰ ਕਿਸੇ ਕਰ ਦਾਤਾ ਨੇ ਸਮਰੱਥ ਅਧਿਕਾਰੀ ਦੀ ਇਜਾਜਤ ਦੇ ਨਾਲ ਕੋਈ ਕੰਮ ਕੀਤਾ ਹੋਵੇ (ਪੇਪਰ ਚੈਕ ਕਰਨ ਜਾਂ ਕੋਈ ਹੋਰ) ਤਾਂ ਉਸ ਨੂੰ ਇਸ ਕੰਮ ਕਰਨ ਦੇ ਬਦਲ ਵਿੱਚ ਜੇਕਰ 3300 ਰੁ. ਮਿਲੇ ਹੋਣ ਤਾਂ ਉਸ ਨੂੰ ਇਸ ਰਕਮ ਵਿੱਚੋਂ 1500 ਰੁ. ਤੋਂ ਉਪਰਲੀ ਰਕਮ ਭਾਵ 1800 ਰੁ. ਦਾ $\frac{1}{3}$ ਹਿੱਸਾ ਭਾਵ 600 ਰੁ. ਕਨਸੋਲੀਡੇਟਿਡ ਫੰਡ ਆਫ ਇੰਡੀਆ ਦੇ ਖਾਤੇ ਵਿੱਚ ਜਮਾਂ ਕਰਵਾਉਣੇ ਪੈਣਗੇ ਅਤੇ ਬਾਕੀ ਬਚਦੀ ਰਕਮ 1500+1200=2700 ਰੁ. ਉਸ ਦੀ ਆਮਦਨ ਵਿੱਚ ਜਮ੍ਹਾਂ ਹੋਣਗੇ (ਆਮਦਨ ਕਰ ਦੀ ਧਾਰਾ - SR-12)

(21) ਸੰਪਤੀ ਤੇ ਟੈਕਸ: ਜੇਕਰ ਕੋਈ ਵਿਅੱਕਤੀ 01 ਜੂਨ 2013 ਤੋਂ ਬਾਅਦ ਸੰਪਤੀ ਖਰੀਦਦਾ ਹੈ ਤਾਂ ਉਸ ਨੂੰ ਖਰੀਦ ਮੁਲ ਦਰ 1% ਟੈਕਸ ਚੁਕਾਣਾ ਹੁੰਦਾ ਹੈ ਜੇਕਰ ਸੰਪਤੀ ਦੀ ਕੀਮਤ 50000/- ਤੋਂ ਜਿਆਦਾ ਹੈ ਪਰ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਨੂੰ ਇਨਕੰਮ ਟੈਕਸ ਵਿਭਾਗ ਵੱਲੋਂ ਨੋਟਿਸ ਆ ਸਕਦਾ ਹੈ। ਬਣਦੇ ਟੈਕਸ ਤੇ 1.5% ਦੀ ਦਰ ਨਾਲ ਵਿਆਜ ਲੱਗਦਾ ਰਹਿੰਦਾ ਹੈ। ਨਿਰਮਾਣ ਅਧੀਨ ਇਮਾਰਤ ਤੇ ਵੀ ਟੈਕਸ ਲੱਗਦਾ ਹੈ। ਇਹ TDS ਵੇਚਣ ਵਾਲੇ ਵਿਅਕਤੀ ਨੂੰ ਨਹੀਂ ਲੱਗਦਾ। TDS ਨਾ ਜਮ੍ਹਾਂ ਕਰਾਉਣ ਤੇ 10 ਹਜ਼ਾਰ ਤੋਂ 1 ਲੱਖ ਰੁ: ਤੱਕ ਦਾ ਜੁਰਮਾਨਾ ਹੋ ਸਕਦਾ ਹੈ।

(22) 1. ਬੈਂਕ ਜਾ ਡਾਕਖਾਨੇ ਵਿੱਚ ਜੇਕਰ ਕੋਈ ਵਿਅਕਤੀ ਆਪਣੀ ਨੌਕਰੀ ਨਾਂ ਕਰਨੇ ਵਾਲੀ ਪਤਨੀ ਜਾਂ ਨਬਾਲਗ ਬੱਚੇ ਦੇ ਨਾਂ ਤੇ ਫਿਕਸ ਡਿਪਾਜਟ ਕਰਦੇ ਹਨ ਤਾਂ ਉਸ ਤੇ ਮਿਲਣ ਵਾਲਾ ਵਿਆਜ ਉਸ ਵਿਅਕਤੀ ਦੀ ਆਮਦਨ ਵਿੱਚ ਜੋੜਿਆ ਜਾਵੇਗਾ।

2. ਫਿਕਸ ਡਿਪਾਜਟ ਤੇ ਮਿਲਣ ਵਾਲੇ ਵਿਆਜ ਦੀ 10000 ਰੁ: ਇਨਕੰਮ ਟੈਕਸ ਦੀ ਧਾਰਾ 80TTA ਅਧੀਨ ਰਿਆਇਤ ਹੈ ਉਸ ਤੋਂ ਉੱਪਰ ਬੈਂਕ 10% TDS ਕੱਟੇਗਾ। ਜੇਕਰ ਆਪ ਨੇ PAN ਨੰਬਰ ਨਹੀਂ ਦਿੱਤਾ ਤਾਂ 20% ਨਾਲ ਟੈਕਸ ਕੱਟੇਗਾ।

3 ਜੇਕਰ ਬੈਂਕ ਨੇ TDS ਕੱਟ ਲਿਆ ਹੈ ਤਾਂ ਵੀ ਇਨਕੰਮ ਟੈਕਸ ਦੀ ਰਿਟਰਨ ਭਰਨੀ ਜਰੂਰੀ ਹੈ।

4 RD ਰੀਏਕਰਿੰਗ ਡਿਪਾਜ਼ਟ ਤੋਂ ਮਿਲੇ ਵਿਆਜ ਤੇ ਵੀ ਟੈਕਸ ਲੱਗਦਾ ਹੈ।

5 ਜੇਕਰ ਤੁਸੀਂ ਵਿਆਜ ਦੀ ਪੂਰੀ ਰਕਮ ਰਿਟਰਨ ਵਿੱਚ ਨਹੀਂ ਭਰਦੇ ਤਾਂ ਇਹ ਟੈਕਸ ਕਰੈਡਿਟ ਸਟੇਟਮੈਂਟ (26 ਏ ਐਨ) ਨਾਲ ਮੇਲ ਨਾ ਹੋਣ ਕਾਰਨ ਕਰਦਾਤਾ ਨੂੰ ਇਨਕਮਟੈਕਸ ਵਿਭਾਗ ਵਲੋਂ ਨੋਟਿਸ ਜਾਰੀ ਹੋ ਸਕਦਾ ਹੈ। ਜੇਕਰ ਕਰਦਾਤਾ ਦੀ ਮੌਤ ਹੋ ਜਾਂਦੀ ਹੈ ਤਾਂ ਵਾਰਸ ਨੂੰ ਜੋ ਰਕਮ ਮਿਲਦੀ ਹੈ ਉਹ 80CCD (3) (ਏ) ਦੇ ਮੁਤਾਬਕ ਕਰ ਮੁਕਤ ਹੁੰਦੀ ਹੈ।

## ਆਮਦਨ ਕਰ ਦੀ ਰਿਟਰਨ

1. ਉਹ ਵਿਅੱਕਤੀ ਜਿਸ ਦੀ ਉਮਰ 60 ਸਾਲ ਤੋਂ ਘੱਟ ਹੋਵੇ ਅਤੇ ਜਿਸ ਦੀ ਸਾਰੇ ਵਸੀਲਿਆਂ ਤੋਂ ਕੁਲ ਆਮਦਨ **ਦੋ ਲੱਖ ਪੰਜਾਹ ਹਜ਼ਾਰ ਰੁ:** ਤੋਂ ਉਪਰ ਹੋਵੇ ਤਾਂ ਉਸ ਨੂੰ ਆਮਦਨ ਕਰ ਦੀ ਧਾਰਾ 192(1) ਦੇ ਅਧੀਨ ਰੀਟਰਨ ਭਰਨੀ ਜ਼ਰੂਰੀ ਹੈ।
2. ਕੋਈ ਵੀ ਡੀ. ਡੀ. ਓ. ਕਿਸੇ ਵੀ ਕਰ ਦਾਤਾ ਦੀ ਤਨਖਾਹ ਜਾਂ ਕੋਈ ਹੋਰ ਪੇਮੈਂਟ ਜੋ ਇਕ ਵਿੱਤੀ ਸਾਲ ਦੌਰਾਨ (ਸੰਭਾਵਤ) ਕਰ ਦਾਤਾ ਨੂੰ ਅਦਾ ਕਰੇਗਾ ਤੇ ਆਮਦਨ ਕਰ ਕੈਲਕੂਲੇਟ ਕਰਕੇ 12 ਨਾਲ ਭਾਗ ਦੇ ਕੇ ਜੋ ਰਕਮ ਆਵੇਗੀ ਉਹ ਰਕਮ ਕਰ ਦਾਤਾ ਦੀ ਹਰ ਮਹੀਨੇ ਦੀ ਤਨਖਾਹ ਵਿੱਚੋਂ ਕਟੌਤੀ ਕਰਕੇ ਬਾਕੀ ਰਕਮ ਕਰ ਦਾਤਾ ਨੂੰ ਦੇਵੇਗਾ। ਸੈਕਸ਼ਨ-17 (ਧਾਰਾ 192)
3. ਜੇਕਰ ਕਿਸੇ ਕਰ ਦਾਤਾ ਨੂੰ ਪਿਛਲੇ ਸਾਲਾਂ ਦਾ ਏਰੀਅਰ ਮਿਲਿਆ ਹੋਵੇ ਜਾਂ ਉਸ ਨੇ ਕੋਈ ਐਡਵਾਂਸ ਤਨਖਾਹ ਲਈ ਹੋਵੇ ਅਤੇ ਉਹ ਇਸ ਨੂੰ ਪਿਛਲੇ ਸਾਲਾਂ ਵਿੱਚ ਜਾਂ ਚਾਲੂ ਸਾਲ ਵਿੱਚ ਜਾਂ ਉਸ ਤੋਂ



Scanned by CamScanner

ਅਗਲੇ ਮਾਲੀ ਸਾਲ ਵਿੱਚ ਐਡਜਸਟ ਕਰਵਾਉਣਾਂ ਚਾਹੁੰਦਾ ਹੋਵੇ ਅਤੇ ਉਸ ਨੇ ਆਪਣੇ ਵੇਰੀਫਾਈਡ ਪਾਰਟੀਕੁਲਰ ਆਪਣੇ ਡੀ. ਡੀ. ਓ. ਨੂੰ ਦਿੱਤੇ ਹੋਣ ਤਾਂ ਫਿਰ ਡੀ. ਡੀ. ਓ. ਦਾ ਫਰਜ ਬਣਦਾ ਹੈ ਕਿ ਉਹ ਇਹ ਰਕਮਾਂ ਲੋੜੀਂਦੇ ਸਾਲਾਂ ਵਿੱਚ ਐਡਜਸਟ ਕਰਕੇ ਆਮਦਨ ਕਰ ਕੈਲਕੂਲੇਟ ਕਰੇ U/S-89 of Income Tax Act 1961 ਦੀ (ਧਾਰਾ-192 (2-ੲ)

4. ਜੇਕਰ ਕਿਸੇ ਕਰ ਦਾਤਾ ਨੂੰ ਤਨਖਾਹ ਤੋਂ ਇਲਾਵਾ ਕਿਸੇ ਹੋਰ ਸੋਰਸ ਤੋਂ ਇਨਕਮ ਹੋਈ ਹੋਵੇ ਅਤੇ ਹਾਊਸ ਪ੍ਰਾਪਰਟੀ ਤੋਂ ਇਲਾਵਾ ਨੁਕਸਾਨ ਨਾਂ ਹੋਇਆ ਹੋਵੇ ਅਤੇ ਉਸ ਨੇ ਆਪਣੇ ਵੇਰੀਫਾਈ ਪਾਰਟੀਕੁਲਰ ਆਪਣੇ ਡੀ. ਡੀ. ਓ. ਨੂੰ ਦਿੱਤੇ ਹੋਣ ਤਾਂ ਡੀ. ਡੀ. ਓ. ਕਰਮਚਾਰੀ ਨੂੰ ਅਦਰ ਸੋਰਸਸ ਤੋਂ ਪ੍ਰਾਪਤ ਹੋਈ ਆਮਦਨ ਨੂੰ ਜੋੜ ਕੇ ਆਮਦਨ ਕਰ ਅਸੈਸ ਕਰੇਗਾ। ਜੇਕਰ ਕਰਮਚਾਰੀ ਨੂੰ ਹਾਊਸ ਪ੍ਰਾਪਰਟੀ ਤੋਂ ਨੁਕਸਾਨ ਹੋਇਆ ਹੋਵੇ (ਵਿਆਜ ਦੀ ਰਕਮ ਆਦਿ) ਤਾਂ ਨੁਕਸਾਨ ਦੀ ਰਕਮ ਨੂੰ ਬਣਦੀ ਲਿਮਟ ਤੱਕ ਛੋਟ ਹੋਵੇਗੀ।

(ੳ) ਕਿਸੇ ਵਿੱਤੀ ਸੰਸਥਾਂ ਤੋਂ ਮਕਾਨ ਦੀ ਮੁਰੰਮਤ ਲਈ ਲਏ ਕਰਜ਼ੇ ਤੇ ਬਣਦੇ ਵਿਆਜ ਦੀ ਰਕਮ ਵਿੱਚੋਂ ਵੱਧ ਤੋਂ ਵੱਧ ਤੀਹ ਹਜ਼ਾਰ ਰੁਪਏ ਤੱਕ ਦੀ ਛੋਟ ਮਿਲੇਗੀ (ਧਾਰਾ-23 (2)

(ਅ) ਨਵੇਂ ਮਕਾਨ ਲਈ ਜੋ 1-4-1999 ਤੋਂ ਬਾਅਦ ਕਰਜਾ ਲਿਆ ਹੋਵੇ ਉਸ ਉਪਰ ਬਣਦੇ ਵਿਆਜ ਦੀ ਰਕਮ ਵਿੱਚੋਂ ਵੱਧ ਤੋਂ ਵੱਧ ਦੋ ਲੱਖ ਰੁ. ਤੱਕ ਦੀ ਛੋਟ ਮਿਲੇਗੀ (ਧਾਰਾ-24)

(ੲ) 1-4-2015 ਤੋਂ 31-3-2016 ਦੇ ਦਰਮਿਆਨ ਆਪਣੀ ਹੋਰ ਕਮਾਈ ਲਈ ਉਸਾਰੇ ਮਕਾਨ ਲਈ ਲਏ ਕਰਜੇ ਤੇ ਬਣਦੇ ਵਿਆਜ ਵਿੱਚੋਂ ਇਕ ਲੱਖ ਰੁ. ਤੱਕ ਦੀ ਛੋਟ ਹੋਵੇਗੀ। ਧਾਰਾ 80.E.E.

**Income Tax rates**

Income Tax

| Taxable Income. ₹ | Very Senior citizens 80 years and above ₹ | Senior Citizens of 60 years and above but less than 80 yers ₹ | Others ₹ |
|---|---|---|---|
| Up to, 2,50,000 | NIL | NIL | NIL |
| 2,50,001 to 3,00,000 | NIL | NIL | 5% |
| 3.00,001 to 5,00,000 | NIL | 5% | 5% |
| 5,00,001 to 10,00,000 | 20% of Income exceeding ₹ 5,00,000 | 10,000 + 20% of income exceeding ₹ 5,00,000 | 12,500+20% of income exceeding ₹ 5,00,000 |
| Above 10,00,000 | 1,00,000 + 30% of income exceeding ₹10,00,000 | 1,10,000+30% of income exceeding ₹10,00,000 | 1,12,500+30% of income exceeding ₹10,00,000 |

**Rebate of income tax-** An assessee whose total income does not exceed 3.50 lakhs. shall be entitled to a deduction of an amount equal to 100% of income tax or 2,500 whichever is less. [Section 87-A]

ਉਦਾਹਰਣ:- ਜੇਕਰ ਸਾਲ 2018-19 ਦੇ ਦੌਰਾਨ ਤਨਖ਼ਾਹ ਦੀ ਆਮਦਨ 380000 ਰੁ. ਹੋਵੇ, ਜੀ.ਪੀ. ਫੰਡ ਦੀ ਸਾਲ ਦੌਰਾਨ ਕਟੌਤੀ 96000 ਰੁ ਅਤੇ ਕਿੱਤਾ ਟੈਕਸ 2400 ਰੁ ਸਾਲਾਨਾਂ ਕਟਵਾਇਆ ਹੋਵੇ ਤਾਂ ਫਿਰ ਆਮਦਨ ਤੇ ਕੀ ਟੈਕਸ ਲੱਗੇਗਾ?

ਜਵਾਬ:- ਸਾਲਾਨਾ ਆਮਦਨ...............380000ਰੁ
ਸਟੈਂਡਰਡ ਡੀਡਕਸ਼ਨ u/s16(ia) (-) 40000
ਬਾਕੀ ਰਕਮ.............340000
ਪ੍ਰੋਫੈਸਨ ਟੈਕਸ ਪੇਡ..........002400
ਬਾਕੀ ਰਕਮ..............337600
ਜੀ.ਪੀ. ਫੰਡ................096000
ਟੈਕਸੇਬਲ ਆਮਦਨ......241600
ਟੈਕਸ......... NIL

(ਬਾਕੀ ਅਗਲੇ ਅੰਕ 'ਚ)

**ਮੁਲਾਜ਼ਮ ਕੇਂਦਰ ਲਈ ਸਮੱਗਰੀ**

ਜਿਹੜੇ ਪਾਠਕ ਮੁਲਾਜ਼ਮ ਕੇਂਦਰ ਲਈ ਸਮੱਗਰੀ ਭੇਜਣਾਂ ਚਾਹੁੰਦੇ ਹੋਣ ਤਾਂ ਉਹ ਮੁਲਾਜ਼ਮ ਕੇਂਦਰ ਦੀ **e-mail: mulazamkender@live.in** ਜਾਂ **Whats app. No:- 98725-18800** ਤੇ ਭੇਜ ਕੇ ਨਿਮਨਲਿਖਤ ਮੋਬਾਈਲ ਤੇ ਸੂਚਨਾਂ ਦਿੱਤੀ ਜਾਵੇ। ਪਰ ਪ੍ਰਸ਼ਨ ਡਾਕ ਰਾਹੀਂ ਭੇਜੇ ਜਾਣ। ਪੁੱਛ -ਗਿੱਛ ਸ਼ਾਮ 4-00 ਤੋਂ 5-00 ਵਜੇ ਦੇ ਦਰਮਿਆਨ ਹੀ ਕੀਤੀ ਜਾਵੇ।

- ਅਦਾਰਾ ਮੁਲਾਜ਼ਮ ਕੇਂਦਰ ਮੋ : 98145-31105



Scanned by CamScanner